
FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

# 24 ਮਾਰਚ ਨੂੰ ਮਨਾਇਆ ਜਾਵੇਗਾ ਸ਼ਹੀਦ ਭਗਤ ਸਿੰਘ ਅਤੇ ਇਨਕਲਾਬੀ ਕਵੀ ਪਾਸ਼ ਦਾ ਸ਼ਹੀਦੀ ਦਿਹਾੜਾ





ਸਰੀ (ਹਰਦਮ ਮਾਨ)-ਤਰਕਸ਼ੀਲ ਸੁਸਾਇਟੀ ਕੈਨੇਡਾ ਅਤੇ ਈਸਟ ਇੰਡੀਆ ਡੀਫੈਂਸ ਕਮੇਟੀ ਵੱਲੋਂ ਸ਼ਹੀਦ ਭਗਤ ਸਿੰਘ ਅਤੇ ਇਨਕਲਾਬੀ ਕਵੀ ਅਵਤਾਰ ਪਾਸ਼ ਦਾ ਸ਼ਹੀਦੀ ਦਿਹਾੜਾ 24 ਮਾਰਚ 2024 (ਐਤਵਾਰ) ਨੂੰ ਬਾਅਦ ਦੁਪਹਿਰ 1 ਵਜੇ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ (#126-7536,130 ਸਟਰੀਟ) ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਉੱਘੇ ਇਤਿਹਾਸਕਾਰ ਸੋਹਣ ਪੂੰਨੀ, ਡਾ. ਸਾਧੂ ਬਿਨਿੰਗ, ਪ੍ਰੋ. ਕਿਰਪਾਲ ਬੈਂਸ ਅਤੇ ਪ੍ਰੋ. ਗੁਰਮੇਲ ਗਿੱਲ ਮੁੱਖ ਬੁਲਾਰੇ ਹੋਣਗੇ। ਇਸ ਸੰਬੰਧੀ ਹੋਰ ਜਾਣਕਾਰੀ ਲਈ ਅਵਤਾਰ ਗਿੱਲ (ਪ੍ਰਧਾਨ) 672-558-5757, ਜਗਰੂਪ ਧਾਲੀਵਾਲ 778-908-7785, ਗੁਰਮੇਲ ਗਿੱਲ 604-206-4705 ਅਤੇ ਕਿਰਪਾਲ ਬੈਂਸ 604-518-7676 ਨਾਲ ਸੰਪਰਕ ਕੀਤਾ ਜਾ ਸਕਦਾ ਹੈ।





# ਫਲਸਤੀਨ ਨੂੰ ਆਜ਼ਾਦ ਦੇਸ਼ ਦਾ ਦਰਜਾ ਦੇਣ ਲਈ ਐਨਡੀਪੀ ਵੱਲੋਂ ਲਿਆਂਦਾ ਮਤਾ ਪਾਰਲੀਆਮੈਂਟ ਵਿੱਚ ਪਾਸ

ਓਟਵਾ-ਫਲਸਤੀਨ ਨੂੰ ਆਜ਼ਾਦ ਦੇਸ਼ ਦਾ ਦਰਜਾ ਦੇਣ ਲਈ ਐਨਡੀਪੀ ਵੱਲੋਂ ਲਿਆਂਦਾ ਗਿਆ ਮਤਾ ਥੋੜ੍ਹੀ ਜੱਦੋ ਜਹਿਦ ਤੋਂ ਬਾਅਦ ਪਾਰਲੀਆਮੈਂਟ ਵਿੱਚ ਪਾਸ ਹੋ ਗਿਆ। ਲਿਬਰਲਾਂ ਵੱਲੋਂ ਇਸ ਵਿੱਚ ਕਾਫੀ ਸੋਧ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਹਿਲਾਂ ਤਾਂ ਲਿਬਰਲਾਂ ਨੇ ਇਹ ਸੰਕੇਤ ਦਿੱਤਾ ਕਿ ਉਹ ਵਿਰੋਧੀ ਧਿਰ ਨੂੰ ਆਪਣੀ ਵਿਦੇਸ਼ ਨੀਤੀ ਨਾਲ ਖਿਲਵਾੜ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਪਰ ਸਰਕਾਰ ਦੇ ਹਾਊਸ ਲੀਡਰ ਸਟੀਵਨ ਮੈਕਕਿਨਨ ਨੇ ਸਾਰੇ ਐਮਪੀਜ਼ ਨੂੰ ਉਸ ਸਮੇਂ ਹੈਰਾਨ ਕਰ ਦਿੱਤਾ ਜਦੋਂ ਉਨ੍ਹਾਂ ਬਹਿਸ ਦੇ ਆਖਰੀ ਪਲ ਐਨਡੀਪੀ ਵੱਲੋਂ ਪੇਸ਼ ਮਤੇ ਦੇ ਕੁੱਝ ਹਿੱਸਿਆਂ ਵਿੱਚ ਸੋਧ ਕਰਨ ਤੋਂ ਬਾਅਦ ਉਸ ਨੂੰ ਅੱਗੇ ਵਧਾ ਦਿੱਤਾ ਇਸ ਮਤੇ ਉੱਤੇ ਲੱਗਭਗ ਸਾਰਾ ਦਿਨ ਬਹਿਸ ਚੱਲੀ ਪਰ ਆਖਿਰਕਾਰ ਐਨਡੀਪੀ ਦਾ ਇਹ ਸੰਕੇਤਾਤਮਕ ਮਤਾ 117 ਦੇ ਮੁਕਾਬਲੇ 204 ਵੋਟਾਂ ਨਾਲ ਪਾਸ ਹੋ ਗਿਆ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਲੱਗਭਗ ਸਾਰੇ ਲਿਬਰਲ ਐਮਪੀਜ਼ ਤੇ ਐਨਡੀਪੀ, ਬਲਾਕ ਕਿਊਬਿਕੂਆ, ਗ੍ਰੀਨ ਪਾਰਟੀ ਦੇ ਐਮਪੀਜ਼ ਨੇ ਮਤੇ ਦੇ ਹੱਕ ਵਿੱਚ ਵੋਟ ਪਾਈ ਪਰ ਕੰਜ਼ਰਵੇਟਿਵ ਆਗੂ ਪਿਏਰ ਪੌਲੀਐਵਰ ਤੇ ਉਨ੍ਹਾਂ ਦੀ ਪਾਰਟੀ ਨੇ ਮਤੇ ਦੇ ਖਿਲਾਫ ਵੋਟ ਪਾਈ। ਮਤੇ ਵਿੱਚ ਆਖਿਆ ਗਿਆ ਸੀ ਕਿ ਫੈਡਰਲ ਸਰਕਾਰ ਨੂੰ ਨੌਂ ਕਦਮ ਚੁੱਕਣੇ ਚਾਹੀਦੇ ਹਨ। ਸੱਭ ਤੋਂ ਪਹਿਲਾਂ ਤਾਂ ਜੰਗਬੰਦੀ ਦੀ ਮੰਗ ਕਰਨੀ ਚਾਹੀਦੀ ਹੈ, ਫਿਰ ਬੰਧੀਆਂ ਨੂੰ ਰਿਹਾਅ ਕਰਨ ਦੀ ਮੰਗ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਇਜ਼ਰਾਈਲ ਨਾਲ ਫੌਜੀ ਵਸਤਾਂ ਦੇ ਵਪਾਰ ਨੂੰ ਮੁਲਤਵੀ ਕਰ ਦੇਣਾ ਚਾਹੀਦਾ ਹੈ ਤੇ ਇਸ ਤੋਂ ਵੀ ਵੱਧ ਕੇ ਹਮਸ ਨੂੰ ਗੈਰਕਾਨੂੰਨੀ ਢੰਗ ਨਾਲ ਕੀਤੀ ਜਾ ਰਹੀ ਹਥਿਆਰਾਂ ਦੀ ਸਪਲਾਈ ਨੂੰ ਰੋਕਣ ਵਿੱਚ ਮਦਦ ਕਰਨੀ ਚਾਹੀਦੀ ਹੈ। ਮਤੇ ਵਿੱਚ ਇਹ ਵੀ ਆਖਿਆ ਗਿਆ ਕਿ ਫਲਸਤੀਨ ਦੀਆਂ ਟੈਰੇਟਰੀਜ਼ ਉੱਤੇ ਕੀਤੇ ਜਾ ਰਹੇ ਕਬਜ਼ੇ ਨੂੰ ਰੋਕਣ ਦੀ ਪੈਰਵੀ ਵੀ ਸਰਕਾਰ ਨੂੰ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਗਾਜ਼ਾ ਤੋਂ ਨਿਕਲਣ ਦੀ ਕੋਸ਼ਿਸ਼ ਕਰ ਰਹੇ ਲੋਕਾਂ ਦੀ ਮਦਦ ਕਰਨ ਲਈ ਕੈਨੇਡਾ ਸਰਕਾਰ ਨੂੰ ਆਰਜ਼ੀ ਰੈਜ਼ੀਡੈਂਟ ਵੀਜ਼ਾ ਲਈ ਰੱਖੀ ਗਈ 1000 ਵਿਅਕਤੀਆਂ ਦੀ ਸੀਮਾ ਨੂੰ ਵੀ ਵਧਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਤਹਾਪਸੰਦਾਂ ਨੂੰ ਕੈਨੇਡਾ ਵਿੱਚ ਸੈਟਲ ਨਹੀਂ ਹੋਣ ਦੇਣਾ ਚਾਹੀਦਾ ਤੇ ਇਜ਼ਰਾਈਲ ਦੇ ਵਜੂਦ ਨੂੰ ਕਾਇਮ ਰੱਖਣ ਤੇ ਗੁਆਂਢੀਆਂ ਨਾਲ ਸ਼ਾਂਤੀ ਬਹਾਲ ਕਰਨ ਵਿੱਚ ਵੀ ਮਦਦ ਕਰਨੀ ਚਾਹੀਦੀ ਹੈ।



# ਫਰਵਰੀ ਵਿਚ ਮਹਿੰਗਾਈ ਦਰ ਦੀ ਰਫਤਾਰ 2.8 ਫ਼ੀਸਦੀ ਨਾਲ ਘਟੀ

ਓਟਵਾ-ਪਿਛਲੇ ਮਹੀਨੇ ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ ਅਚਾਨਕ ਘੱਟ ਕੇ 2.8 ਫੀਸਦੀ ਰਹਿ ਗਈ। ਇਸ ਲਈ ਸੈਲੂਲਰ ਤੇ ਇੰਟਰਨੈੱਟ ਸੇਵਾਵਾਂ ਵਿੱਚ ਆਈ ਭਾਰੀ ਗਿਰਾਵਟ ਦੇ ਨਾਲ ਨਾਲ ਗਰੌਸਰੀ ਦੀਆਂ ਕੀਮਤਾਂ ਵਿੱਚ ਆਈ ਕਮੀ ਵੀ ਜ਼ਿੰਮੇਵਾਰ ਹੈ। ਮੰਗਲਵਾਰ ਨੂੰ ਸਟੈਟਿਸਟਿਕਸ ਕੈਨੇਡਾ ਨੇ ਫਰਵਰੀ ਦਾ ਕੰਜ਼ਿਊਮਰ ਪ੍ਰਾਈਸ ਇੰਡੈਕਸ ਜਾਰੀ ਕੀਤਾ, ਜਿਸ ਤੋਂ ਸਾਹਮਣੇ ਆਇਆ ਕਿ ਕੀਮਤਾਂ ਵਿੱਚ ਵਾਧੇ ਵਿੱਚ ਲਗਾਤਾਰ ਦੂਜੇ ਮਹੀਨੇ ਗਿਰਾਵਟ ਦਰਜ ਕੀਤੀ ਗਈ ਹੈ। ਅਰਥਸ਼ਾਸਤਰੀਆਂ ਵੱਲੋਂ ਇਹ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਗੈਸੋਲੀਨ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਕਾਰਨ ਕੈਨੇਡਾ ਦੀ ਮਹਿੰਗਾਈ ਦਰ ਜਨਵਰੀ ਦੀ 2.9 ਫੀ ਸਦੀ ਮਹਿੰਗਾਈ ਦਰ ਨਾਲੋਂ ਟੱਪ ਜਾਵੇਗੀ। ਫੈਡਰਲ ਏਜੰਸੀ ਦਾ ਕਹਿਣਾ ਹੈ ਕਿ ਵਾਇਰਲੈੱਸ ਸਰਵਿਸਿਜ਼ 26.5 ਫੀ ਸਦੀ ਨਾਲ ਹੇਠਾਂ ਚੱਲ ਰਹੀਆਂ ਹਨ ਤੇ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਨਾਲੋਂ ਇੰਟਰਨੈੱਟ ਕੀਮਤਾਂ 13.2 ਫੀ ਸਦੀ ਡਿੱਗ ਗਈਆਂ ਹਨ। ਇੱਕ ਸਾਲ ਪਹਿਲਾਂ ਨਾਲੋਂ ਫਰਵਰੀ ਵਿੱਚ ਸਟੋਰ ਤੋਂ ਖਰੀਦੇ ਜਾਣ ਵਾਲੇ ਫੂਡ ਦੀਆਂ ਕੀਮਤਾਂ 2.4 ਫੀ ਸਦੀ ਦੇ ਹਿਸਾਬ ਨਾਲ ਹੌਲੀ ਹੌਲੀ ਵਧੀਆਂ। ਇਸ ਦੌਰਾਨ ਮਹਿੰਗਾਈ ਉੱਤੇ ਹਾਊਸਿੰਗ ਦੀਆਂ ਕੀਮਤਾਂ ਕਾਰਨ ਦਬਾਅ ਵਧਿਆ ਹੋਇਆ ਹੈ। ਮਾਰਗੇਜ ਇੰਟਰਸਟ 263 ਫੀ ਸਦੀ ਉੱਤੇ ਪੈ ਰਿਹਾ ਹੈ ਜਦਕਿ ਕਿਰਾਇਆ ਸਾਲਾਨਾ 8.2 ਫੀ ਸਦੀ ਪੈ ਰਿਹਾ ਹੈ।








## ਹੋਪ ਵਿਚ ਲਾਪਤਾ ਹੋਏ ਵਿਅਕਤੀ ਤੇ ਦੋ ਕੁੱਤਿਆਂ ਨੂੰ ਬਚਾਇਆ

ਐਬਟਸਫੋਰਡ-ਹੋਪ ਅਤੇ ਚਿਲੀਵੈਕ ਖੋਜ ਤੇ ਬਚਾਅ ਟੀਮਾਂ ਨੇ ਇਕ ਵਿਅਕਤੀ ਅਤੇ ਦੋ ਕੁੱਤਿਆਂ ਨੂੰ ਬਚਾਅ ਲਿਆ ਹੈ ਜਿਹੜੇ 48 ਘੰਟੇ ਤੋਂ ਲਾਪਤਾ ਸਨ। ਦੋਵਾਂ ਟੀਮਾਂ ਨੇ ਤਿੰਨਾਂ ਨੂੰ ਦੂਰ ਦੁਰਾਡੇ ਵਾਲੀ ਕਿਸੇ ਥਾਂ ਤੋਂ ਲਿਆਉਣ ਲਈ ਇਕੱਠਿਆਂ ਕੰਮ ਕੀਤਾ। ਬਚਾਅ ਅਮਲੇ ਨੇ ਹੈਲੀਕਾਪਟਰ ਤੋਂ ਬਰਫ 'ਤੇ ਪੈੜ ਦੇਖੀ ਅਤੇ ਇਸ ਜਾਣਕਾਰੀ ਨਾਲ ਜ਼ਮੀਨੀ ਖੋਜ ਟੀਮ ਉਨ੍ਹਾਂ ਨੂੰ ਲੱਭਣ ਵਿਚ ਸਫਲ ਰਹੀ। ਹੋਪ ਸਰਚ ਐਂਡ ਰਸਕਿਊ ਨੇ ਆਪਣੇ ਸੋਸ਼ਲ ਮੀਡੀਆ ਚੈਨਲ 'ਤੇ ਇਹ ਜਾਣਕਾਰੀ ਪੋਸਟ ਕੀਤੀ ਹੈ। ਇਸ ਦੇ ਨਾਲ ਉਸ ਨੇ ਰਸਕਿਊ ਦੀਆਂ ਤਸਵੀਰਾਂ ਵੀ ਪਾਈਆਂ ਹਨ।

## ਮਿਸ਼ਨ ਦੇ ਬਾਹਰ ਦੁਰਘਟਨਾ ਵਿਚ ਤਿੰਨ ਵਿਅਕਤੀ ਗੰਭੀਰ ਜ਼ਖ਼ਮੀ

ਐਬਟਸਫੋਰਡ-ਮਿਸ਼ਨ ਦੇ ਬਾਹਰ ਇਕ ਦੁਰਘਟਨਾ ਵਿਚ ਇਕ ਕਾਰ ਵਿਚ ਸਵਾਰ ਤਿੰਨ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਮਿਸ਼ਨ ਆਰਸੀਐਮਪੀ ਨੇ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਤੇਜ਼ ਰਫਤਾਰ ਨਾਲ ਜਾ ਰਹੀ ਚਿੱਟੇ ਰੰਗ ਦੀ ਇਕ ਐਸਯੂਵੀ ਜਿਸ ਵਿਚ ਚਾਰ ਵਿਅਕਤੀ ਸਵਾਰ ਸਨ ਇਕ ਦਰੱਖਤ ਵਿਚ ਜਾ ਵੱਜੀ। ਤਿੰਨ ਵਿਅਕਤੀ ਤਾਂ ਐਸਯੂਵੀ ਦੇ ਅੰਦਰ ਹੀ ਫਸ ਗਏ। ਸ਼ਾਮ 8.45 ਵਜੇ ਬੈਲ ਰੋਡ ਅਤੇ ਹਾਕਿੰਜ਼ ਪਿਕਲ ਰੋਡ ਵਿਚਕਾਰ ਹੋਏ ਹਾਦਸੇ ਦੀ ਖ਼ਬਰ ਮਿਲਣ ਪਿੱਛੋਂ ਸਭ ਤੋਂ ਪਹਿਲਾਂ ਦੋ ਹੈਲੀਕਾਪਟਰ ਮੌਕੇ 'ਤੇ ਪੁੱਜੇ। ਨੌਰਥ ਫ੍ਰੇਜ਼ਰ ਫਾਇਰ ਅਮਲੇ ਨੇ ਐਸਯੂਵੀ ਵਿਚ ਫਸੇ ਤਿੰਨ ਵਿਅਕਤੀਆਂ ਨੂੰ ਬਾਹਰ ਕੱਢਿਆ ਅਤੇ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ। ਮਿਸ਼ਨ ਆਰਸੀਐਮਪੀ ਦਾ ਕਹਿਣਾ ਕਿ ਦੁਰਘਟਨਾ ਦਾ ਕਾਰਨ ਸ਼ਰਾਬ ਪੀਤੀ ਹੋ ਸਕਦਾ ਹੈ ਪਰ ਕੁਝ ਵੀ ਰੱਦ ਨਹੀਂ ਕੀਤਾ ਜਾ ਸਕਦਾ। ਸੀਪੀ ਰੇਲਵੇ ਪਟੜੀਆਂ ਨੂੰ ਦੁਰਘਟਨਾ ਪਿੱਛੋਂ ਰੋਕ ਦਿੱਤਾ ਗਿਆ ਤਾਂ ਜੋ ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚ ਸਕਣ।

## ਮਰੀਜ਼ਾਂ ਲਈ ਵੀਲ੍ਹਚੇਅਰਾਂ ਦੀ ਸਖ਼ਤ ਲੋੜ

ਐਬਟਸਫੋਰਡ-ਸਥਾਨਕ ਰੀਜਨਲ ਹਸਪਤਾਲ ਵਿਚ ਮਰੀਜ਼ਾਂ ਲਈ ਵੀਲ੍ਹਚੇਅਰਾਂ ਦੀ ਸਖਤ ਲੋੜ ਹੈ। ਐਬਟਸਫੋਰਡ ਰੀਜਨਲ ਹਸਪਤਾਲ (ਏਆਰਐਚ) ਉਨ੍ਹਾਂ ਕਈ ਹਸਪਤਾਲਾਂ ਵਿਚੋਂ ਇਕ ਹੈ ਜਿਹੜਾ ਮੈਡੀਕਲ ਸਾਜ਼-ਸਾਮਾਨ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਫ੍ਰੇਜ਼ਰ ਵੈਲੀ ਹੈਲਥ ਕੇਅਰ ਫਾਊਂਡੇਸ਼ਨ ਔਖੇ ਹੋ ਕੇ ਤੁਰਨ ਵਾਲੇ ਮਰੀਜ਼ਾਂ ਲਈ ਹੋਰ ਵੀਲ੍ਹਚੇਅਰਾਂ ਮੁਹੱਈਆ ਕਰਨ ਵਾਸਤੇ ਫੰਡ ਇਕੱਤਰ ਕਰ ਰਿਹਾ ਹੈ। ਹਸਪਤਾਲ ਵਿਚ ਗੰਭੀਰ ਦੇਖਭਾਲ ਵਾਲੇ 400 ਬੈੱਡ ਹਨ ਪਰ ਵੀਲ੍ਹਚੇਅਰਾਂ ਸਿਰਫ 40 ਹਨ। ਵੀਲ੍ਹਚੇਅਰਾਂ ਦਾ ਨੁਕਸਾਨ ਉਨ੍ਹਾਂ ਦੀ ਸਹੀ ਹਾਲਤ ਨਾ ਹੋਣ ਅਤੇ ਮੁਰੰਮਤ ਦੀ ਸਥਿਤੀ ਵਿਚ ਨਾ ਹੋਣ ਕਾਰਨ ਹੁੰਦਾ ਹੈ। ਕਲੀਨੀਕਲ ਲੀਡ ਨਿਕੋਲ ਕੋਹਨ ਦਾ ਕਹਿਣਾ ਕਿ 40 ਵੀਲ੍ਹਚੇਅਰਾਂ ਸਾਡੇ ਮਰੀਜ਼ਾਂ ਤੇ ਸਟਾਫ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੀਆਂ।




# ਸੀਨੀਅਰ ਪੱਤਰਕਾਰ ਸੁਖਵਿੰਦਰ ਸਿੰਘ ਚੋਹਲਾ ਜਰਨਲਿਜ਼ਮ ਦੇ ਵਿਦਿਆਰਥੀਆਂ ਦੇ ਰੂਬਰੂ

### ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਲਈ 'ਸਾਹਿਤਕ ਰਚਨਾ ਪ੍ਰੀਕਿਆ ਅਤੇ ਪੱਤਰਕਾਰੀ ਜੀਵਨ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਦਆਰਥੀਆਂ ਦੇ ਸਰਵਪੱਖੀ ਵਿਕਾਸ ਵਾਸਤੇ ਨਿਰੰਤਰ ਯਤਨਸ਼ੀਲ ਰਹਿੰਦਾ ਹੈ। ਇਸੇ ਤਹਿਤ ਕਾਲਜ ਦੇ ਕੰਪਿਊਟਰ ਸਾਇੰਸ ਅਤੇ ਆਈ.ਟੀ. ਵਿਭਾਗ ਵਲੋਂ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਅਤੇ ਪੰਜਾਬੀ ਵਿਭਾਗ ਦੇ ਵਿਦਆਰਥੀਆਂ ਲਈ "ਸਾਹਿਤਕ ਰਚਨਾ ਪ੍ਰੀਕਿਰਆ ਅਤੇ ਪੱਤਰਕਾਰੀ ਜੀਵਨ" ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ ਸ. ਸੁਖਵਿੰਦਰ ਸਿੰਘ ਚੋਹਲਾ, ਪੱਤਰਕਾਰ ਅਤੇ ਕਵੀ ਬਤੌਰ ਮੁੱਖ ਵਕਤਾ ਸ਼ਾਮਲ ਹੋਏ। ਜਦਕਿ ਵਿਸ਼ੇਸ਼ ਤੌਰ 'ਤੇ ਅਮਰੀਕਾ ਤੋਂ ਸ. ਰਵਿੰਦਰ ਸਿੰਘ ਸਹਿਰਾਅ, ਕਵੀ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਦੋਹਾਂ ਸ਼ਖਸੀਅਤਾਂ ਨੂੰ ਗੁਲਦਸਤੇ ਅਤੇ ਸਨਮਾਨ ਚਿੰਨ੍ਹ ਦੇ ਕੇ ਜੀ ਆਇਆ ਕਿਹਾ ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਬੋਲਦਿਆਂ ਕਿਹਾ ਕਿ ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ ਦੇ ਵਿਦਆਰਥੀਆਂ ਲਈ ਇਸ ਸਮਾਰਗ ਦਾ ਆਯੋਜਨ ਇਕ ਉੱਤਮ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰੀ ਅਤੇ ਸਾਹਿਤ ਦਾ ਬਹੁਤ ਨੇੜਲਾ ਸੰਬੰਧ ਹੈ। ਉਨ੍ਹਾਂ ਦੱਸਿਆ ਕਿ ਪੱਤਰਕਾਰ ਸਮਾਜ ਦੇ ਸਮੁੱਚੇ ਵਿਕਾਸ ਅਤੇ ਕੁਰੀਤੀਆਂ ਨੂੰ ਦੂਰ ਕਰਨ ਵਿਚ ਵੱਡੀ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਵਿਦਆਰਥੀਆਂ ਨੂੰ ਸੱਚੀ ਤੇ ਨਿਡਰ ਪੱਤਰਕਾਰੀ ਕਰਨ ਦੀ ਪ੍ਰੇਰਨਾ ਦਿੱਤੀ ਤੇ ਲੈਕਚਰ ਤੋਂ ਲਾਭ ਉਠਾਉਣ ਦਾ ਸੰਦੇਸ਼ ਦਿੱਤਾ ਮੁੱਖ ਵਕਤਾ ਸ. ਸੁਖਵਿੰਦਰ ਸਿੰਘ ਚੋਹਲਾ ਨੇ ਆਪਣੇ ਲੈਕਚਰ 'ਚ ਆਪਣੇ ਪੱਤਰਕਾਰੀ ਅਨੁਭਵ ਸਾਂਝੇ ਕੀਤੇ। ਸਾਹਿਤ




ਨਾਲ ਇਸ ਦੇ ਸੰਬੰਧ ਬਾਰੇ ਜਾਣਕਾਰੀ ਦਿੱਤੀ ਤੇ ਪੱਤਰਕਾਰੀ ਦੀਆਂ ਬਾਰੀਕੀਆਂ ਤੋਂ ਵਿਦਆਰਥੀਆਂ ਨੂੰ ਜਾਣੂ ਕਰਵਾਇਆ। ਅਮਰੀਕਾ ਤੋਂ ਵਿਸ਼ਸ਼ ਤੌਰ 'ਤੇ ਪਹੁੰਚੇ ਉੱਘੇ ਕਵੀ ਸ. ਰਵਿੰਦਰ ਸਿੰਘ ਸਹਿਰਾਅ ਨੇ ਆਪਣੇ ਸਾਹਿਤਕ ਸਫਰ ਬਾਰੇ ਜਾਣਕਾਰੀ ਦਿੱਤੀ ਅਤੇ ਆਪਣੀਆਂ ਕਵਿਤਾਵਾਂ 'ਧੀ' ਅਤੇ 'ਫਿਲੀਸਤੀਨੀ ਕੁੜੀ ਦੀ ਚੱਪਲ' ਰਾਹੀਂ ਵਾਤਾਵਰਨ ਨੂੰ ਬਹੁਤ ਸੰਜੀਦਗੀ ਭਰਪੂਰ ਬਣਾ ਦਿੱਤਾ। ਇਸ ਉਪਰੰਤ ਵਿਦਆਰਥੀਆਂ ਦੇ ਸਵਾਲਾਂ ਦੇ ਦੋਨਾਂ ਹੀ ਸ਼ਖਸੀਅਤਾਂ ਨੇ ਉੱਤਰ ਦਿੱਤੇ। ਸਮਾਗਮ ਵਿਚ ਡਾ. ਗੋਪਾਲ ਸਿੰਘ ਬੁੱਟਰ, ਸਾਬਕਾ ਮੁਖੀ ਪੰਜਾਬੀ ਵਿਭਾਗ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਉਪਰੋਕਤ ਵਿਸ਼ੇ ਉਪਰ ਆਪਣੇ ਅਨੁਭਵ ਸਾਂਝੇ ਕੀਤੇ। ਸਮਾਗਮ ਦੇ ਅੰਤ 'ਤੇ ਪ੍ਰੋ. ਸੰਜੀਵ ਕੁਮਾਰ ਆਨੰਦ ਮੁਖੀ ਕੰਪਿਊਟਰ ਸਾਇੰਸ ਅਤੇ ਆਈ.ਟੀ. ਵਿਭਾਗ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਸੁਰਿੰਦਰਪਾਲ ਮੰਡ ਮੁਖੀ ਪੰਜਾਬੀ ਵਿਭਾਗ ਤੋਂ ਇਲਾਵਾ ਪ੍ਰੋ. ਕੁਲਦੀਪ ਸੋਢੀ, ਪ੍ਰੋ. ਬਲਰਾਜ ਸਿੰਘ ਵਿਭਾਗ ਦੇ ਅਧਿਆਪਕ ਤੇ ਵਿਦਆਰਥੀ ਵੀ ਹਾਜ਼ਰ ਸਨ। ਸਮਾਗਮ ਦੌਰਾਨ ਮੰਚ ਸੰਚਾਲ ਪ੍ਰੋ. ਪ੍ਰੀਤੀ ਨੇ ਬਾਖ਼ੂਬੀ ਨਿਭਾਇਆ

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਲੋਕ ਸਭਾ ਚੋਣਾਂ ਦਾ ਐਲਾਨ ਤੇ ਸਿਆਸੀ ਧਿਰਾਂ ਦਾ ਏਜੰਡਾ

## ਪੰਜਾਬ ਵਿਚ 5 ਮੰਤਰੀਆਂ ਨੂੰ ਉਮੀਦਵਾਰ ਬਣਾਏ ਜਾਣ ਤੇ ਆਪ ਦੀ ਕਾਰਗੁਜਾਰੀ ਤੇ ਸਵਾਲ

**ਸੁਖਵਿੰਦਰ ਸਿੰਘ ਚੋਹਲਾ**

ਭਾਰਤ ਵਿਚ 18ਵੀਆਂ ਲੋਕ ਸਭਾ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਬੀਤੇ ਦਿਨ ਤਿੰਨ ਮੈਂਬਰੀ ਭਾਰਤੀ ਚੋਣ ਕਮਿਸ਼ਨ ਦੇ ਮੁਖੀ ਰਾਜੀਵ ਕੁਮਾਰ ਵਲੋਂ ਮੁਲਕ ਵਿਚ 19 ਅਪ੍ਰੈਲ ਤੋਂ 1 ਜੂਨ ਤੱਕ 7 ਪੜਾਵੀ ਲੋਕ ਸਭਾ ਚੋਣਾਂ ਦਾ ਐਲਾਨ ਕਰਦਿਆਂ ਸਿਆਸੀ ਪਾਰਟੀਆਂ ਨੂੰ ਆਜਾਦ ਤੇ ਨਿਰਪੱਖ ਚੋਣ ਪ੍ਰਕਿਰਿਆ ਨੂੰ ਨੇਪਰੇ ਚਾੜਨ ਲਈ ਚੋਣ ਜਾਬਤੇ ਦੀ ਪਾਲਣਾ ਕਰਨ ਦੇ ਨਾਲ ਪੈਸਾ, ਤਾਕਤ ਅਤੇ ਗਲਤ ਜਾਣਕਾਰੀ ਫੈਲਾਉਣ ਦੇ ਨਾਲ ਚੋਣ ਪ੍ਰਕਿਰਿਆ ਨੂੰ ਕਿਸੇ ਵੀ ਤਰਾਂ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵਿਰੁੱਧ ਸੁਚੇਤ ਕੀਤਾ ਹੈ। ਚੋਣ ਕਮਿਸ਼ਨ ਵਲੋਂ ਕੀਤੇ ਗਏ ਐਲਾਨ ਮੁਤਾਬਿਕ ਕੁਲ 7 ਗੇੜਾਂ 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਦੀਆਂ ਵੋਟਾਂ 19 ਅਪਰੈਲ ਤੋਂ ਸ਼ੁਰੂ ਹੋਕੇ 26 ਅਪਰੈਲ ਨੂੰ ਦੂਜੇ ਗੇੜ 7, 13, 20 , 25 ਮਈ ਤੇ ਪਹਿਲੀ ਜੂਨ ਨੂੰ ਕ੍ਰਮਵਾਰ ਤੀਜੇ, ਚੌਥੇ, ਪੰਜਵੇਂ, ਛੇਵੇਂ ਤੇ ਸੱਤਵੇਂ ਗੇੜ ਲਈ ਵੋਟਾਂ ਪੈਣਗੀਆਂ। ਪੰਜਾਬ ਵਿਚ ਆਖਰੀ ਗੇੜ ਦੀਆਂ ਵੋਟਾਂ 1 ਜੂਨ ਨੂੰ ਪੈਣ ਉਪਰੰਤ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਭਾਰਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਵੇਖਿਆ ਜਾਂਦਾ ਹੈ। ਹਰ ਪੰਜ ਸਾਲ ਬਾਦ ਹੁੰਦੀਆਂ ਇਹਨਾਂ ਚੋਣਾਂ ਦੌਰਾਨ ਚੋਣ ਧਾਂਦਲੀਆਂ ਦੀਆਂ ਸ਼ਿਕਾਇਤਾਂ ਦੇ ਬਾਵਜੂਦ ਇਹਨਾਂ ਚੋਣਾਂ ਨੂੰ ਸਫਲਤਾਪੂਰਵਕ ਨੇਪਰੇ ਚਾੜੇ ਵਿਚ ਭਾਰਤੀ ਚੋਣ ਕਮਿਸ਼ਨ ਵਲੋਂ ਬਹੁਤ ਵੱਡੀ ਜਿੰਮੇਵਾਰੀ ਨਿਭਾਈ ਜਾਂਦੀ ਹੈ। ਇਕਾ ਦੁੱਕਾ ਹਿੰਸਕ ਘਟਨਾਵਾਂ ਜਾਂ ਧਾਂਦਲੀਆਂ ਹੋਣ ਦੀਆਂ ਖਬਰਾਂ ਨੂੰ ਦਰਕਿਨਾਰ ਕਰਦਿਆਂ ਇਹਨਾਂ ਚੋਣਾਂ ਵਿਚ ਔਸਤਨ 60 ਪ੍ਰਤੀਸ਼ਤ ਮਤਦਾਨ ਹੋਣਾ ਲੋਕਾਂ ਦਾ ਲੋਕਤੰਤਰ ਵਿਚ ਵਿਸ਼ਵਾਸ ਪਕੇਰਾ ਕਰਦਾ ਹੈ।

ਇਹਨਾਂ ਲੋਕ ਸਭਾ ਚੋਣਾਂ ਲਈ ਵੱਖ ਵੱਖ ਸਿਆਸੀ ਪਾਰਟੀਆਂ ਵਲੋਂ ਪਿਛਲੇ ਕਈ ਮਹੀਨਿਆਂ ਤੋਂ ਤਿਆਰੀਆਂ ਆਰੰਭੀਆਂ ਹੋਈਆਂ ਹਨ। ਮੁੱਖ ਮੁਕਾਬਲਾ ਭਾਜਪਾ ਦੀ ਅਗਵਾਈ ਵਾਲੇ ਐਨ ਡੀ ਏ ਗਠਜੋੜ ਅਤੇ ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗਠਜੋੜ ਵਿਚਾਲੇ ਹੈ। ਐਨ ਡੀ ਏ ਦੀ ਵੱਡੀ ਧਿਰ ਭਾਰਤੀ ਜਨਤਾ ਪਾਰਟੀ,ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਰਮਨਪਿਆਰਤਾ ਨੂੰ ਉਭਾਰਦੀ ਹੋਈ ਉਹਨਾਂ ਨੂੰ ਤੀਸਰੀ ਵਾਰ ਪ੍ਰਧਾਨ ਮੰਤਰੀ ਉਮੀਦਵਾਰ ਵਜੋਂ ਪੇਸ਼ ਕਰਦਿਆਂ ਭਾਰੀ ਉਤਸ਼ਾਹ ਵਿਚ ਹੈ। ਰਾਸ਼ਟਰਵਾਦ ਦੀ ਵਿਚਾਰਧਾਰਾ ਨੂੰ ਪ੍ਰਣਾਈ ਪਾਰਟੀ ਪਿਛਲੇ ਸਮੇਂ ਦੌਰਾਨ ਇਕ ਦੇਸ਼- ਇਕ ਭਾਸ਼ਾ, ਇਕਸਾਰ ਸਿਵਲ ਕੋਡ, ਧਰਮ ਦੇ ਆਧਾਰ ਤੇ ਨਾਗਰਿਕਤਾ ਦੇਣ ਲਈ ਸੰਵਿਧਾਨਕ ਸੋਧ ਬਿਲ ਨੂੰ ਲਾਗੂ ਕਰਨ ਅਤੇ ਰਾਸ਼ਟਰ ਦੀ ਮਜ਼ਬੂਤੀ ਦੇ ਨਾਲ ਆਯੁਧਿਆ ਵਿਚ ਰਾਮ ਮੰਦਿਰ ਦੀ ਉਸਾਰੀ ਨਾਲ ਦੇਸ਼ ਦੀ ਬਹੁਗਿਣਤੀ ਦੀ ਖੁਸ਼ਨੂਦੀ ਹਾਸਲ ਕਰਦਿਆਂ ਮੁੜ ਸੱਤਾ ਪ੍ਰਾਪਤੀ ਲਈ ਇਸ ਵਾਰ 400 ਦਾ ਅੰਕੜਾ ਪਾਰ ਦੇ ਨਾਅਰੇ ਨਾਲ ਚੋਣ ਮੈਦਾਨ ਵਿਚ ਹੈ। ਐਨ ਡੀ ਏ ਦੀ ਅਗਵਾਈ ਵਾਲੀ ਭਾਜਪਾ ਖੁਦ 450 ਸੀਟਾਂ ਉਪਰ ਆਪਣੇ ਉਮੀਦਵਾਰ ਉਤਾਰ ਰਹੀ ਹੈ। ਹੁਣ ਤੱਕ ਆਪਣੇ ਉਮੀਦਵਾਰਾਂ ਦੀਆਂ ਜਾਰੀ ਕੀਤੀਆਂ ਦੋ ਸੂਚੀਆਂ ਵਿਚ ਉਸਨੇ ਕੁਲ 267 ਉਮੀਦਵਾਰਾਂ ਦਾ ਐਲਾਨ ਕੀਤਾ ਹੈ।

ਦੂਸਰੇ ਪਾਸੇ ਕਾਂਗਰਸ ਦੀ ਅਗਵਾਈ ਹੇਠ ਇੰਡੀਆ ਗਠਜੋੜ ਇਹਨਾਂ ਲੋਕ ਸਭਾ ਚੋਣਾਂ ਨੂੰ ਸਿਧਾਂਤਕ ਲੜਾਈ ਦੇ ਨਾਮ ਹੇਠ ਮੈਦਾਨ ਵਿਚ ਉਤਾਰਿਆ ਹੈ। ਪਾਰਟੀ ਦੇ ਆਗੂ ਰਾਹੁਲ ਗਾਂਧੀ ਨੇ ਭਾਰਤ ਜੋੜੋ ਦੇ ਨਾਮ ਹੇਠ ਦੇਸ਼ ਦੀ ਲੰਬੀ ਯਾਤਰਾ ਕੀਤੀ ਹੈ ਜਿਸ ਦੌਰਾਨ ਉਹਨਾਂ ਨੂੰ ਲੋਕਾਂ ਦੇ ਚੰਗੇ ਹੁੰਗਾਰੇ ਦੀ ਉਮੀਦ ਵੀ ਬਣੀ ਹੈ ਪਰ ਪ੍ਰਧਾਨ ਮੰਤਰੀ ਮੋਦੀ ਦੀ ਗਾਰੰਟੀ ਦੇ ਨਾਅਰੇ ਸਾਹਵੇਂ ਇੰਡੀਆ ਗਠਜੋੜ ਦੀਆਂ ਆਪਣੀਆਂ ਸੀਮਾਵਾਂ ਹਨ। ਇੰਡੀਆ ਗਠਜੋੜ ਸਾਹਮਣੇ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਅਤੇ ਯੂ ਪੀ ਵਿਚ ਸਮਾਜਵਾਦੀ ਪਾਰਟੀ ਨਾਲ ਸੀਟਾਂ ਦੀ ਵੰਡ ਨੂੰ ਲੈਕੇ ਵੱਡਾ ਰੌਲਾ ਸਾਹਮਣੇ ਆਇਆ ਹੈ। ਪੱਛਮੀ ਬੰਗਾਲ ਵਿਚ ਭਾਵੇਂਕਿ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਗਠਜੋੜ ਦੇ ਨਾਲ ਹੋਣ ਦਾ ਦਾਅਵਾ ਕਰਦੀ ਹੈ ਪਰ ਉਸਦੀ ਪਾਰਟੀ ਵਲੋਂ ਪੱਛਮੀ ਬੰਗਾਲ ਦੀਆਂ ਸਾਰੀਆਂ 42 ਸੀਟਾਂ ਤੋਂ ਆਪਣੇ ਉਮੀਦਵਾਰ ਖੜੇ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਪਾਰਟੀਆਂ ਦੀ ਵਿਚਾਰਧਾਰਾ, ਭਾਈਵਾਲੀ ਤੇ ਚੋਣ ਮਹਿੰਮ ਲਈ ਜੋ ਵੀ ਰਣਨੀਤੀ ਹੈ, ਉਹ ਆਪਣੀ ਜਗਾ ਹੈ ਪਰ ਇਹ ਤੈਅ ਹੈ ਕਿ ਇਹਨਾਂ ਲੋਕ ਸਭਾ ਚੋਣਾਂ ਵਿਚ ਮੁੱਖ ਮੁਕਾਬਾਲਾ ਭਾਜਪਾ ਦੀ ਅਗਵਾਈ ਵਾਲੇ ਐਨਡੀਏ ਗਠਜੋੜ ਅਤੇ ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗਠਜੋੜ ਵਿਚਾਲੇ ਹੋਵੇਗਾ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ ਇੰਡੀਆ ਗਠਜੋੜ ਦਾ ਹਿੱਸਾ ਬਣੀ ਆਮ ਆਦਮੀ ਪਾਰਟੀ ਨੇ ਇਕੱਲਿਆਂ ਚੋਣ ਲੜਨ ਦਾ ਫੈਸਲਾ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੀਆਂ ਸਾਰੀਆਂ 13 ਸੀਟਾਂ ਜਿੱਤਣ ਦੇ ਦਾਅਵੇ ਨਾਲ ਆਪਣੇ ਪਾਰਟੀ ਦੇ 8 ਉਮੀਦਵਾਰਾਂ ਦਾ ਐਲਾਨ ਕਰਦਿਆਂ ਇਹਨਾਂ ਵਿਚ 5 ਕੈਬਨਿਟ ਮੰਤਰੀਆਂ ਨੂੰ ਉਮੀਦਵਾਰ ਬਣਾਇਆ ਹੈ। ਆਮ ਆਦਮੀ ਪਾਰਟੀ ਵਲੋਂ ਆਪਣੇ 5 ਕੈਬਨਿਟ ਵਜੀਰਾਂ ਨੂੰ ਉਮੀਦਵਾਰ ਬਣਾਏ ਜਾਣ ਪਿੱਛੇ ਕੋਈ ਵੀ ਰਣਨੀਤੀ ਹੋ ਸਕਦੀ ਹੈ ਪਰ ਇਸ ਦੌਰਾਨ ਭਗਵੰਤ ਮਾਨ ਸਰਕਾਰ ਨੂੰ ਵਿਰੋਧੀਆਂ ਦੀ ਆਲੋਚਨਾ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਵਿਰੋਧੀ ਤਨਜ਼ ਕਰ ਰਹੇ ਹਨ ਕਿ 92 ਵਿਧਾਇਕਾਂ ਵਾਲੀ ਸਰਕਾਰ ਨੂੰ ਲੋਕ ਸਭਾ ਚੋਣਾਂ ਲਈ ਪਾਰਟੀ ਚੋਂ ਯੋਗ ਉਮੀਦਵਾਰ ਨਾ ਲੱਭਣੇ, ਪਾਰਟੀ ਦੇ ਦਾਅਵਿਆਂ ਤੇ ਵਾਅਦਿਆਂ ਉਪਰ ਸਵਾਲ ਚਿੰਨ ਹਨ।

ਲੋਕ ਸਭਾ ਚੋਣਾਂ ਦੇ ਐਲਾਨ ਮੁਤਾਬਿਕ ਚੋਣ ਪ੍ਰਕਿਰਿਆ ਦਾ ਅਮਲ ਲਗਪਗ ਢਾਈ ਮਹੀਨੇ ਦਾ ਹੈ। ਇਸ ਦੌਰਾਨ ਕੈਬਨਿਟ ਮੰਤਰੀਆਂ ਦੇ ਉਮੀਦਵਾਰ ਬਣਨ ਨਾਲ ਉਹਨਾਂ ਦੇ ਵਿਭਾਗਾਂ ਦੇ ਸਾਰੇ ਕਾਰੋਬਾਰ ਤਾਂ ਠੱਪ ਰਹਿਣਗੇ ਹੀ, ਬਲਕਿ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ ਦੇ ਨਾਲ ਸਮੇਂ ਅਤੇ ਪੈਸੇ ਦੀ ਵੀ ਅਯੋਗ ਵਰਤੋਂ ਦੀਆਂ ਸੰਭਾਵਨਾਵਾਂ ਬਣੀਆਂ ਰਹਿਣਗੀਆਂ। ਸਾਫ ਸੁਥਰੀ ਰਾਜਨੀਤੀ, ਕੱਟੜ ਇਮਾਨਦਾਰ ਹੋਣ ਅਤੇ ਰਵਾਇਤੀ ਪਾਰਟੀਆਂ ਨੂੰ ਜਨਤਕ ਸਰੋਤਾਂ ਦੀ ਦੁਰਵਰਤੋਂ ਦੇ ਮਿਹਣੇ ਮਾਰਨ ਵਾਲੀ ਪਾਰਟੀ ਵਲੋਂ ਆਪਣੇ ਇਕੱਠੇ 5 ਮੰਤਰੀਆਂ ਨੂੰ ਚੋਣਾਂ ਲੜਾਉਣ ਦੇ ਫੈਸਲੇ ਨੇ ਉਸਦੀ ਆਪਣੀ ਨੀਤੀ ਤੇ ਨੀਅਤ ਉਪਰ ਸ਼ੰਕੇ ਖੜੇ ਕਰ ਦਿੱਤੇ ਹਨ। ਇਸ ਦੌਰਾਨ ਪੰਜਾਬ ਭਾਜਪਾ, ਪੰਜਾਬ ਕਾਂਗਰਸ ਤੇ ਲੰਬਾ ਸਮਾਂ ਸੱਤਾ ਤੇ ਰਹਿਣ ਵਾਲੇ ਅਕਾਲੀ ਦਲ ਦੀਆਂ ਸਰਗਰਮੀਆਂ ਆਪੋ ਆਪਣੀ ਜ਼ਮੀਨ ਤਲਾਸ਼ਣ ਤੇ ਨਵੀਆਂ ਸੰਭਾਵਨਾਵਾਂ ਦੇ ਰੂਬਰੂ ਹਨ। ਭਾਜਪਾ ਤੇ ਅਕਾਲੀ ਦਲ ਦੇ ਮੁੜ ਚੋਣ ਗਠਜੋੜ ਦੀਆਂ ਕਨਸੋਆਂ ਦਰਮਿਆਨ ਅਕਾਲੀ ਦਲ ਦੇ ਪੁਰਾਣੇ ਆਗੂਆਂ ਦੀ ਪਾਰਟੀ ਵਿਚ ਵਾਪਸੀ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਕਬੂਲ ਕੀਤੇ ਜਾਣ ਦੀਆਂ ਖਬਰਾਂ ਨੇ ਅਕਾਲੀ ਵਰਕਰਾਂ ਤੇ ਸਮਰਥਕਾਂ ਵਿਚ ਉਤਸ਼ਾਹ ਪੈਦਾ ਕੀਤਾ ਹੈ। ਕਿਸਾਨ ਜਥੇਬੰਦੀਆਂ ਦੇ ਸੰਘਰਸ਼ ਅਤੇ ਦਿੱਲੀ ਦੇ ਰਾਮਲੀਲਾ ਮੈਦਾਨ ਦੀ ਮਹਾਂਪੰਚਾਇਤ ਵਲੋਂ ਮੋਦੀ ਸਰਕਾਰ ਦੇ ਵਿਰੋਧ ਦੇ ਐਲਾਨ ਨੂੰ ਲੋਕ ਹੁੰਗਾਰੇ ਦੀ ਤੱਕੜੀ ਉਪਰ ਰੱਖਦਿਆਂ ਪੰਜਾਬ ਦੀਆਂ ਸਿਆਸੀ ਧਿਰਾਂ ਚੋਣ ਗਠਜੋੜ ਅਤੇ ਚੋਣ ਰਣਨੀਤੀ ਉਪਰ ਮੰਥਨ ਕਰਦਿਆਂ ਹੀ ਕੋਈ ਫੈਸਲਾ ਲੈਣਗੀਆਂ।




ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke
BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions & Get Sold Guaranteed
We Help Buyers With Cash Back
Buy, Sell, Mortgage or Build With Us:

amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

Residential
Construction
Commercial
New Immigrants
Self Employed
Private Mortgages
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426



# ਮਿਸੀਸਾਗਾ ਦੇ ਪਲਾਜ਼ਾ ’ਚ ਚੱਲੀ ਗੋਲੀ ਵਿੱਚ ਇੱਕ ਹਲਾਕ

ਮਿਸੀਸਾਗਾ–ਮਿਸੀਸਾਗਾ ਦੇ ਇੱਕ ਪਲਾਜ਼ਾ ਵਿੱਚ ਰਾਤ ਸਮੇਂ ਚੱਲੀ ਗੋਲੀ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਗੰਭੀਰ ਜ਼ਖ਼ਮੀ ਹੋ ਗਿਆ। ਐਮਰਜੰਸੀ ਅਮਲੇ ਨੂੰ ਡਿਕਸੀ ਰੋਡ ਤੇ ਦ ਕੁਈਨਜ਼ਵੇਅ ਨੇੜੇ ਕਮਰਸ਼ੀਅਲ ਪਲਾਜ਼ਾ ਵਿੱਚ ਗੋਲੀ ਚੱਲਣ ਦੀਆਂ ਖ਼ਬਰਾਂ ਦੇ ਕੇ ਰਾਤੀਂ 2:45 ਉੱਤੇ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਘਟਨਾ ਵਾਲੀ ਥਾਂ ਉੱਤੇ ਦੋ ਵਿਅਕਤੀ ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਮਿਲੇ। ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਪਰ ਦੂਜੇ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

# ਇਟੋਬੀਕੋ ਦੀ ਬਿਲਡਿੰਗ ’ਚ ਲੱਗੀ ਅੱਗ-ਇਕ ਜ਼ਖ਼ਮੀ

ਇਟੋਬੀਕੋ-ਮੰਗਲਵਾਰ ਦੁਪਹਿਰ ਨੂੰ ਇਟੋਬੀਕੋ ਵਿੱਚ ਦੋ ਅਲਾਰਮ ਵਾਲੀ ਅੱਗ ਲੱਗਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਟੋਰਾਂਟੋ ਫਾਇਰ ਸਰਵਿਸਿਜ਼ ਨੂੰ ਦੁਪਹਿਰੇ 4:00 ਵਜੇ ਤੋਂ ਪਹਿਲਾਂ ਕਾਲ ਮਿਲੀ ਜਿਸ ਵਿੱਚ ਦੱਸਿਆ ਗਿਆ ਕਿ ਬੈਲਫੀਲਡ ਤੇ ਮਾਰਟਿਨ ਗ੍ਰੋਵ ਰੋਡਜ਼ ਨੇੜੇ ਆਬਿਨ ਸਟ੍ਰੀਟ ਉੱਤੇ ਇੱਕ ਬਿਲਡਿੰਗ ਵਿੱਚ ਅੱਗ ਲੱਗ ਗਈ ਹੈ। ਅਮਲੇ ਦੇ ਮੌਕੇ ਉੱਤੇ ਪਹੁੰਚਣ ਉੱਤੇ ਉਨ੍ਹਾਂ ਨੂੰ ਬਿਲਡਿੰਗ ਵਿੱਚੋਂ ਕਾਫੀ ਧੂੰਆਂ ਆਉਂਦਾ ਨਜ਼ਰ ਆ ਰਿਹਾ ਪਰ ਉਨ੍ਹਾਂ ਵੱਲੋਂ ਜਲਦ ਹੀ ਅੱਗ ਉੱਤੇ ਕਾਬੂ ਪਾ ਲਿਆ ਗਿਆ। ਇਸ ਸਾਰੀ ਸਥਿਤੀ ਉੱਤੇ ਨਜ਼ਰ ਰੱਖਣ ਲਈ ਫਾਇਰ ਟਰੱਕਸ ਮੌਕੇ ਉੱਤੇ ਬਣੇ ਰਹੇ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ, ਜੋ ਕਿ ਆਪਣੇ 50ਵਿਆਂ ਵਿੱਚ ਸੀ, ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਮਾਮੂਲੀ ਜ਼ਖ਼ਮਾਂ ਲਈ ਉਸ ਦਾ ਇਲਾਜ ਕੀਤਾ ਗਿਆ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

# ਨਿੱਘੀ ਸਰਦ ਰੁੱਤ ਰਹਿਣ ਤੋਂ ਬਾਅਦ ਬਸੰਤ ਨੇ ਕੈਨੇਡਾ ਵਿੱਚ ਦਿੱਤੀ ਦਸਤਕ

ਟੋਰਾਂਟੋ–ਇਸ ਵਾਰੀ ਬਸੰਤ ਦਾ ਮੌਸਮ ਆ ਵੀ ਗਿਆ ਹੈ ਪਰ ਇਸ ਦੇ ਨਾਲ ਹੀ ਮੌਸਮ ਨਾਲ ਜੁੜੇ ਕਈ ਤਰ੍ਹਾਂ ਦੇ ਨਵੇਂ ਰੁਝਾਨ ਤੇ ਪੈਟਰਨ ਵੇਖਣ ਨੂੰ ਮਿਲੇ ਹਨ। ਕੈਨੇਡਾ ਵਿੱਚ ਇਸ ਵਾਰੀ ਸਿਆਲ ਸੱਭ ਤੋਂ ਨਿੱਘੇ ਮੰਨੇ ਗਏ ਹਨ। ਮੌਸਮ ਵਿੱਚ ਇਸ ਤਪਿਸ਼ ਬਾਰੇ ਐਨਵਾਇਰਮੈਂਟ ਤੇ ਕਲਾਈਮੇਟ ਚੇਂਜ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਅੰਕੜੇ ਕਾਫੀ ਘੱਟ ਵੇਖਣ ਨੂੰ ਮਿਲਦੇ ਹਨ। ਐਨਵਾਇਰਮੈਂਟ ਐਂਡ ਕਲਾਈਮੇਟ ਚੇਂਜ ਕੈਨੇਡਾ ਦੇ ਸੀਨੀਅਰ ਕਲਾਇਮੈਟੋਲੋਜਿਸਟ ਡੇਵਿਡ ਫਿਲਿਪ ਨੇ ਆਖਿਆ ਕਿ ਸੱਭ ਤੋਂ ਪਹਿਲਾਂ ਮੌਸਮ ਉੱਤੇ ਅਲ ਨੀਨੋ ਦਾ ਅਸਰ ਪਿਆ। ਇਹ ਕਾਫੀ ਪਹਿਲਾਂ ਹੀ ਆ ਗਿਆ ਤੇ ਜਿਸ ਕਾਰਨ ਦਸੰਬਰ ਤੇ ਫਰਵਰੀ ਵਿੱਚ ਠੰਢ ਘੱਟ ਮਹਿਸੂਸ ਹੋਈ। ਫਿਰ ਲੋਕਾਂ ਨੇ ਸੋਚਿਆ ਕਿ ਨਵੇਂ ਸਾਲ ਵਿੱਚ ਠੰਢ ਵੱਧਣ ਦੀ ਸੰਭਾਵਨਾ ਹੈ ਪਰ ਅਜਿਹਾ ਨਹੀਂ ਹੋਇਆ। ਫਿਲਿਪਸ ਨੇ ਦੱਸਿਆ ਕਿ ਇਸ ਵਾਰੀ ਸਮੁੰਦਰਾਂ ਦਾ ਪਾਣੀ ਵੀ ਮੁਕਾਬਲਤਨ ਘੱਟ ਠੰਢਾ ਰਿਹਾ। ਉਨ੍ਹਾਂ ਆਖਿਆ ਕਿ ਇਹ ਕਲਾਈਮੇਟ ਚੇਂਜ ਦਾ ਹੀ ਅਸਰ ਹੈ। ਫਿਲਿਪਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ



ਕਿ ਕੈਨੇਡਾ ਦਾ ਤਾਪਮਾਨ ਇਸ ਵਾਰੀ 5 ਡਿਗਰੀ ਸੈਲਸੀਅਸ ਤੱਕ ਨਿੱਘਾ ਰਿਹਾ।ਪਿਛਲੇ ਸਾਲ ਲੱਗੀ ਜੰਗਲ ਦੀ ਅੱਗ ਦਾ ਵੀ ਮੌਸਮ ਉੱਤੇ ਨਕਾਰਾਤਮਕ ਅਸਰ ਪਿਆ ਦੱਸਿਆ ਜਾਂਦਾ ਹੈ।ਫਿਲਿਪਸ ਨੇ ਆਖਿਆ ਕਿ ਇਸ ਵਾਰੀ ਅਪਰੈਲ, ਮਈ ਤੇ ਜੂਨ ਆਮ ਨਾਲੋਂ ਗਰਮ ਰਹਿਣਗੇ।

# ਜ਼ਹਿਰੀਲੀ ਸ਼ਰਾਬ ਪੀਣ ਕਾਰਨ ਪੰਜ ਦੀ ਮੌਤ

## 11 ਵਿਅਕਤੀ ਹਸਪਤਾਲ ਦਾਖਲ; ਦਿੜ੍ਹਬਾ ਮੰਡੀ ਦੇ ਪਿੰਡ ਗੁੱਜਰਾਂ ’ਚ ਵਾਪਰੀ ਘਟਨਾ

ਦਿੜ੍ਹਬਾ ਮੰਡੀ–ਦਿੜ੍ਹਬਾ ਨੇੜਲੇ ਪਿੰਡ ਗੁੱਜਰਾਂ ’ਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਲੰਘੀ ਰਾਤ ਪੰਜ ਮਜ਼ਦੂਰਾਂ ਦੀ ਮੌਤ ਹੋ ਗਈ ਹੈ ਜਦਕਿ 11 ਵਿਅਕਤੀਆਂ ਨੂੰ ਸੰਗਰੂਰ ਦੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ ਜਿਨ੍ਹਾਂ ’ਚੋਂ 4 ਜਣਿਆਂ ਨੂੰ ਪਟਿਆਲਾ ਰੈਫ਼ਰ ਕਰ ਦਿੱਤਾ ਗਿਆ ਹੈ। ਪੁਲੀਸ ਨੇ ਇਸ ਮਾਮਲੇ ’ਚ ਕੇਸ ਦਰਜ ਕਰਕੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਸਾਰੇ ਵਿਅਕਤੀ ਪਿੰਡ ਗੁੱਜਰਾਂ ਤੇ ਮਜ਼ਦੂਰ ਪਰਿਵਾਰਾਂ ਨਾਲ ਸਬੰਧਤ ਸਨ। ਮ੍ਰਿਤਕਾਂ ਦੀ ਪਛਾਣ ਭੋਲਾ ਸਿੰਘ ਪੁੱਤਰ ਬਸੰਤ ਸਿੰਘ, ਨਿਰਮਲ ਸਿੰਘ ਤੇ ਪ੍ਰਗਟ ਸਿੰਘ ਦੋਵੇਂ ਪੁੱਤਰ ਜੋਰਾ ਸਿੰਘ, ਜਗਜੀਤ ਸਿੰਘ ਪੁੱਤਰ ਜੋਗਾ ਸਿੰਘ ਅਤੇ ਲਾਡੀ ਸਿੰਘ ਪੁੱਤਰ ਜਗਰੂਪ ਸਿੰਘ ਵਜੋਂ ਹੋਈ ਹੈ।

# ਪੰਜਾਬ ਸਰਕਾਰ ਵੱਲੋਂ ਪ੍ਰਮੁੱਖ ਸਕੱਤਰ ਅਜੋਏ ਸ਼ਰਮਾ ਨੂੰ ‘ਕਾਰਨ ਦੱਸੋ ਨੋਟਿਸ’

ਚੰਡੀਗੜ੍ਹ–ਪੰਜਾਬ ਸਰਕਾਰ ਨੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਮਾਪਿਆਂ ਦੇ ਆਈਵੀਐੱਫ ਇਲਾਜ ਬਾਰੇ ਪੁੱਛ-ਪੜਤਾਲ ਕਰਨ ਦੇ ਮਾਮਲੇ ’ਚ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਅਜੋਏ ਕੁਮਾਰ ਸ਼ਰਮਾ ਨੂੰ ‘ਕਾਰਨ ਦੱਸੋ ਨੋਟਿਸ’ ਜਾਰੀ ਕਰ ਕੇ ਦੋ ਹਫ਼ਤਿਆਂ ’ਚ ਜਵਾਬ ਮੰਗਿਆ ਹੈ। ਭਾਵੇਂ ਕੇਂਦਰੀ ਸਿਹਤ ਮੰਤਰਾਲੇ ਨੇ ਮੂਸੇਵਾਲਾ ਦੇ ਮਾਪਿਆਂ ਦੇ ਇਲਾਜ ਬਾਰੇ ਸੂਬਾ ਸਰਕਾਰ ਤੋਂ ਰਿਪੋਰਟ ਤਲਬ ਕੀਤੀ ਸੀ ਪਰ ਪ੍ਰਮੁੱਖ ਸਕੱਤਰ ਅਜੋਏ ਸ਼ਰਮਾ ਵੱਲੋਂ ਇਹ ਮਾਮਲਾ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੇ ਧਿਆਨ ’ਚ ਲਿਆਂਦੇ ਬਿਨਾਂ ਮਾਮਲੇ ’ਚ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ। ਕੇਂਦਰੀ ਪੱਤਰ ਮਗਰੋਂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਸਿੱਧੇ ਤੌਰ ’ਤੇ ਪੰਜਾਬ ਸਰਕਾਰ ਨੂੰ ਕਟਹਿਰੇ ’ਚ ਖੜ੍ਹਾ ਕਰ ਦਿੱਤਾ ਅਤੇ ਉਸ ਮਗਰੋਂ ਇਹ ਗੱਲ ਸਪੱਸ਼ਟ ਹੋਈ ਕਿ ਕੇਂਦਰ ਸਰਕਾਰ ਨੇ ਮੂਸੇਵਾਲਾ ਦੇ ਮਾਪਿਆਂ ਖ਼ਿਲਾਫ਼ ਕਾਰਵਾਈ ਵਿੱਢੀ ਹੈ। ਪੰਜਾਬ ਸਰਕਾਰ ਇਸ ਗੱਲੋਂ ਖ਼ਫ਼ਾ ਹੈ ਕਿ ਪ੍ਰਮੁੱਖ ਸਕੱਤਰ ਨੇ ਮਾਮਲਾ ਧਿਆਨ ’ਚ ਲਿਆਂਦੇ ਬਿਨਾਂ ਹੀ ਕੇਂਦਰੀ ਪੱਤਰ ਦੇ ਆਧਾਰ ’ਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।ਸੂਬਾ ਸਰਕਾਰ ਨੇ ਅਜੋਏ ਸ਼ਰਮਾ ਨੂੰ ਦੋ ਹਫ਼ਤਿਆਂ ਵਿੱਚ ਪੱਤਰ ਦਾ ਜੁਆਬ ਦੇਣ ਲਈ ਆਖਦਿਆਂ ਕਿਹਾ ਹੈ ਕਿਉਂ ਨਾ ਉਨ੍ਹਾਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। ਅਜੋਏ ਸ਼ਰਮਾ ਪਹਿਲਾਂ ਵੀ ‘ਆਪ’ ਸਰਕਾਰ ਦੇ ਨਿਸ਼ਾਨੇ ’ਤੇ ਆਏ ਸਨ ਜਦੋਂ ਉਨ੍ਹਾਂ ਨੇ ਸਿਹਤ ਵਿਭਾਗ ਦੇ ਬਜਟ ’ਚੋਂ ਇਸ਼ਤਿਹਾਰੀ ਬਜਟ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਕੁੱਝ ਮਹੀਨੇ ਉਨ੍ਹਾਂ ਦੀ ਪੋਸਟਿੰਗ ਹਵਾ ’ਚ ਹੀ ਲਟਕਦੀ ਰਹੀ ਹੈ। ਨੋਟਿਸ ਵਿੱਚ “ਰੂਲਜ਼ ਆਫ਼ ਬਿਜ਼ਨਸ, 1992 ਦੇ ਉਪਬੰਧਾਂ ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਉਪਬੰਧਾਂ ਤਹਿਤ ਉਕਤ ਮਾਮਲੇ ਨੂੰ ਮੁੱਖ ਮੰਤਰੀ ਜਾਂ ਸਬੰਧਤ ਮੰਤਰੀ ਦੇ ਧਿਆਨ ’ਚ ਲਿਆਉਣਾ ਬਣਦਾ ਸੀ ਤਾਂ ਜੋ ਅਗਲੇਰੇ ਆਦੇਸ਼ ਪ੍ਰਾਪਤ ਕੀਤੇ ਜਾ ਸਕਦੇ। ਪੱਤਰ ਅਨੁਸਾਰ ਅਜੋਏ ਸ਼ਰਮਾ ਖ਼ਿਲਾਫ਼ ਆਲ ਇੰਡੀਆ ਸਰਵਿਸਿਜ਼ (ਅਨੁਸ਼ਾਸਨ ਅਤੇ ਅਪੀਲ) ਨਿਯਮ, 1969 ਦੇ ਤਹਿਤ ਕਾਰਵਾਈ ਹੋ ਸਕਦੀ ਹੈ। ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ 14 ਮਾਰਚ ਨੂੰ ਮੂਸੇਵਾਲਾ ਦੀ ਮਾਤਾ ਚਰਨ ਕੌਰ ਦੇ ਇਨ ਵਿਟਰੋ ਫਰਟੀਲਾਈਜ਼ੇਸ਼ਨ (ਆਈਵੀਐੱਫ) ਇਲਾਜ ਸਬੰਧੀ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ਕੀਤੀ ਸੀ। ਆਈਵੀਐੱਫ ਤਕਨੀਕ ਨਾਲ ਇਲਾਜ ਲਈ ਉਮਰ ਹੱਦ 21-50 ਸਾਲ ਨਿਰਧਾਰਿਤ ਹੈ ਪਰ ਮਾਤਾ ਚਰਨ ਕੌਰ ਦੀ ਉਮਰ 58 ਸਾਲ ਹੈ, ਜਿਨ੍ਹਾਂ ਦੇ ਘਰ ਲੰਘੇ ਦਿਨੀਂ ਦੂਜੇ ਬੱਚੇ ਨੇ ਜਨਮ ਲਿਆ ਹੈ। ਬਲਕੌਰ ਸਿੰਘ ਨੇ ਵੀਡੀਓ ਸੁਨੇਹੇ ’ਚ ਕਿਹਾ ਸੀ ਪੰਜਾਬ ਸਰਕਾਰ ਨਵਜੰਮੇ ਬੱਚੇ ਨੂੰ ਲੈ ਕੇ ਪ੍ਰੇਸ਼ਾਨ ਕਰ ਰਹੀ ਹੈ ਜਦਕਿ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨੇ ਇਸ ਵਿੱਚ ਪੰਜਾਬ ਸਰਕਾਰ ਦੀ ਕੋਈ ਭੂਮਿਕਾ ਹੋਣ ਤੋਂ ਇਨਕਾਰ ਕੀਤਾ ਸੀ। ਪੰਜਾਬ ਸਰਕਾਰ ਨੇ ਹੁਣ ਪ੍ਰਮੁੱਖ ਸਕੱਤਰ ਖ਼ਿਲਾਫ਼ ਫ਼ੌਰੀ ਕਾਰਵਾਈ ਵਿੱਢ ਕੇ ਮੂਸੇਵਾਲਾ ਦੇ ਮਾਪਿਆਂ ਨੂੰ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਸੂਬਾ ਸਰਕਾਰ ਦੀ ਮਨਸ਼ਾ ਗ਼ਲਤ ਨਹੀਂ ਸੀ।

### 5 ਐੱਸਐੱਸਪੀ ਬਦਲਣ ਦਾ ਹੁਕਮ ਦਿੱਤਾ

ਨਵੀਂ ਦਿੱਲੀ–ਭਾਰਤੀ ਚੋਣ ਕਮਿਸ਼ਨ ਨੇ ਗੈਰ-ਕੇਡਰ ਅਧਿਕਾਰੀਆਂ ਲਈ ਤਬਾਦਲੇ ਦੇ ਆਦੇਸ਼ ਜਾਰੀ ਕੀਤੇ ਹਨ, ਜੋ ਚਾਰ ਰਾਜਾਂ ਗੁਜਰਾਤ, ਪੰਜਾਬ, ਉੜੀਸਾ ਅਤੇ ਪੱਛਮੀ ਬੰਗਾਲ ਵਿਚ ਡੀਸੀ ਤੇ ਐੱਸਐੱਸਪੀ/ਐੱਸਪੀ ਤਾਇਨਾਤ ਹਨ। ਜ਼ਿਲ੍ਹੇ ਵਿਚ ਡੀਸੀ ਅਤੇ ਐੱਸਐੱਸਪੀ ਦੇ ਅਹੁਦੇ ਕ੍ਰਮਵਾਰ ਭਾਰਤੀ ਪ੍ਰਸ਼ਾਸਨਿਕ ਅਤੇ ਭਾਰਤੀ ਪੁਲੀਸ ਸੇਵਾ ਦੇ ਅਧਿਕਾਰੀਆਂ ਲਈ ਹਨ। ਕਮਿਸ਼ਨ ਨੇ ਪੰਜਾਬ ਵਿਚ ਪਠਾਨਕੋਟ, ਫਾਜ਼ਿਲਕਾ, ਜਲੰਧਰ ਦਿਹਾਤੀ ਅਤੇ ਮਾਲੇਰਕੋਟਲਾ ਦੇ ਐੱਸਐੱਸਪੀ ਨੂੰ ਬਦਲਣ ਦਾ ਹੁਕਮ ਦਿੱਤਾ ਹੈ। ਇਸ ਤੋਂ ਇਲਾਵਾ ਕਮਿਸ਼ਨ ਨੇ ਚੁਣੇ ਹੋਏ ਰਾਜਨੀਤਿਕ ਨੁਮਾਇੰਦਿਆਂ ਨਾਲ ਰਿਸ਼ਤੇਦਾਰੀ ਜਾਂ ਪਰਿਵਾਰਕ ਸਬੰਧਾਂ ਦੇ ਮੱਦੇਨਜ਼ਰ ਪੰਜਾਬ ਵਿਚ ਐੱਸਐੱਸਪੀ ਬਠਿੰਡਾ ਅਤੇ ਆਸਾਮ ਵਿਚ ਐੱਸਪੀ ਸੋਨੀਤਪੁਰ ਦੇ ਤਬਾਦਲੇ ਦੇ ਨਿਰਦੇਸ਼ ਵੀ ਦਿੱਤੇ ਹਨ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

## ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਮੁੜ ਜਾਗੀ

ਚੰਡੀਗੜ੍ਹ-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸੱਜਰੀ ਟਿੱਪਣੀ ਨੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਗੱਠਜੋੜ ਦੀ ਸੰਭਾਵਨਾ ਮੁੜ ਸੁਰਜੀਤ ਕਰ ਦਿੱਤੀ ਹੈ। ਅਮਿਤ ਸ਼ਾਹ ਦੇ ਪ੍ਰਗਟਾਵੇ ਤੋਂ ਜਾਪਦਾ ਹੈ ਕਿ ਜਲਦ ਹੀ ਅਕਾਲੀ-ਭਾਜਪਾ ਗੱਠਜੋੜ ਨੇਪਰੇ ਚੜ੍ਹ ਸਕਦਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਇੱਕ ਨਿੱਜੀ ਚੈਨਲ 'ਤੇ ਇਸ਼ਾਰਾ ਦਿੱਤਾ ਕਿ ਉਨ੍ਹਾਂ ਦੀ ਇੱਛਾ ਰੱਖ ਹੈ ਕਿ ਐੱਨਡੀਏ ਦੇ ਪੁਰਾਣੇ ਭਾਈਵਾਲ ਇਕੱਠੇ ਹੋ ਕੇ ਚੋਣ ਲੜਨ। ਉਨ੍ਹਾਂ ਕਿਹਾ ਕਿ ਸਿਆਸੀ ਗੱਠਜੋੜ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਲਬਾਤ ਜਾਰੀ ਹੈ ਅਤੇ ਆਉਂਦੇ ਦੋ-ਤਿੰਨ ਦਿਨਾਂ ਵਿਚ ਸਮੁੱਚੀ ਸਥਿਤੀ ਸਾਫ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਫਿਲਹਾਲ ਦੋਵੇਂ ਧਿਰਾਂ ਵੱਲੋਂ ਸੀਟਾਂ ਦੀ ਵੰਡ ਸਬੰਧੀ ਪੇਸ਼ਕਸ਼ਾਂ ਜਾਰੀ ਹਨ। ਅਮਿਤ ਸ਼ਾਹ ਦੀ ਟਿੱਪਣੀ ਗੱਠਜੋੜ ਹੋਣ ਵੱਲ ਵਧਦੇ ਕਦਮਾਂ ਵੱਲ ਇਸ਼ਾਰਾ ਕਰਦੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਦੀ ਰਾਹ 'ਚ ਦੋ ਅੜਿੱਕੇ ਜਾਪਦੇ ਹਨ। ਪੰਜਾਬ ਦੀਆਂ ਨਜ਼ਰਾਂ ਇਸ ਗੱਲ 'ਤੇ ਹਨ ਕਿ ਕੀ ਸ਼੍ਰੋਮਣੀ ਅਕਾਲੀ ਦਲ ਕਿਸਾਨੀ ਅਤੇ ਬੰਦੀ ਸਿੱਖਾਂ ਦੇ ਮੁੱਦੇ ਲਾਂਭੇ ਕਰ ਕੇ ਗੱਠਜੋੜ ਨੂੰ ਪ੍ਰਵਾਨ ਚੜ੍ਹਾਉਂਦਾ ਹੈ? ਇਸੇ ਤਰ੍ਹਾਂ ਕੀ ਸ਼੍ਰੋਮਣੀ ਅਕਾਲੀ ਦਲ ਹਾਲ ਹੀ ਵਿਚ ਆਰਐੱਸਐੱਸ ਵੱਲੋਂ ਕਿਸਾਨੀ ਅੰਦੋਲਨ ਨੂੰ ਲੈ ਕੇ ਅਤੇ ਘੱਟ ਗਿਣਤੀਆਂ ਦੇ ਮਾਮਲੇ 'ਤੇ ਦਿੱਤੇ ਗਏ ਬਿਆਨ ਸਬੰਧੀ ਕੋਈ ਇਤਰਾਜ਼ ਜਤਾਉਂਦਾ ਹੈ ਜਾਂ ਨਹੀਂ। ਸਿਆਸੀ ਨਜ਼ਰੀਏ ਤੋਂ ਇਹ ਨੁਕਤੇ ਅਹਿਮ ਮੰਨੇ ਜਾ ਰਹੇ ਹਨ। ਸਿਆਸੀ ਮਾਹਿਰ ਆਖਦੇ ਹਨ ਕਿ ਬਿਨਾਂ ਸ਼ੱਕ ਦੋਵਾਂ ਧਿਰਾਂ ਵਿਚ ਗੱਠਜੋੜ ਨਾਲ ਸਿਆਸੀ ਤਾਕਤ ਵਧੇਗੀ। ਖਾਸ ਕਰਕੇ ਭਾਜਪਾ ਨੂੰ ਇਸ ਦਾ ਫਾਇਦਾ ਪੁੱਜੇਗਾ।

# ਰਿਲਾਇੰਸ ਨਾਲ ਜੁੜੀ ਕਵਿਕ ਸਪਲਾਈ ਨੇ ਭਾਜਪਾ ਨੂੰ ਦਿੱਤਾ 385 ਕਰੋੜ ਰੁਪਏ ਚੰਦਾ

ਨਵੀਂ ਦਿੱਲੀ-ਰਿਲਾਇੰਸ ਇੰਡਸਟਰੀਜ਼ ਨਾਲ ਸਬੰਧਾਂ ਅਤੇ ਨਵੀ ਮੁੰਬਈ ਦੇ ਧੀਰੂਭਾਈ ਅੰਬਾਨੀ ਨੌਲੇਜ ਸਿਟੀ ਦੇ ਰਜਿਸਟਰਡ ਪਤੇ ਵਾਲੀ ਕੰਪਨੀ ਕਵਿਕ ਸਪਲਾਈ ਚੇਨ ਪ੍ਰਾਈਵੇਟ ਲਿਮਟਿਡ ਨੇ ਚੋਣ ਬਾਂਡਾਂ ਰਾਹੀਂ ਭਾਜਪਾ ਨੂੰ 385 ਕਰੋੜ ਰੁਪਏ ਦਿੱਤੇ ਸਨ। ਇਸੇ ਤਰ੍ਹਾਂ ਕੰਪਨੀ ਨੇ ਸ਼ਿਵ ਸੈਨਾ ਨੂੰ 25 ਕਰੋੜ ਰੁਪਏ ਦਿੱਤੇ ਹਨ। ਭਾਰਤੀ ਸਟੇਟ ਬੈਂਕ ਵੱਲੋਂ ਚੋਣ ਬਾਂਡਾਂ ਬਾਰੇ ਮੁਹੱਈਆ ਕਰਵਾਈ ਗਈ ਜਾਣਕਾਰੀ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਅਪਲੋਡ ਕੀਤੇ ਜਾਣ ਮਗਰੋਂ ਇਹ ਖ਼ੁਲਾਸਾ ਹੋਇਆ ਹੈ। ਸਿਆਸੀ ਪਾਰਟੀਆਂ ਨੂੰ ਚੋਣ ਬਾਂਡਾਂ ਰਾਹੀਂ ਦਾਨ ਦੇਣ ਵਾਲੀ ਤੀਜੀ ਸਭ ਤੋਂ ਵੱਡੀ ਕੰਪਨੀ ਕਵਿਕ ਸਪਲਾਈ ਨੇ 2021-22 ਅਤੇ 2023-24 ਦੌਰਾਨ 410 ਕਰੋੜ ਰੁਪਏ ਦੇ ਬਾਂਡ ਖ਼ਰੀਦੇ ਅਤੇ ਸਿਰਫ਼ 25 ਕਰੋੜ ਰੁਪਏ ਛੱਡ ਕੇ ਬਾਕੀ ਸਾਰੀ ਰਕਮ ਭਾਜਪਾ ਨੂੰ ਦਿੱਤੀ ਸੀ। ਚੋਣ ਕਮਿਸ਼ਨ ਵੱਲੋਂ ਅਪਲੋਡ ਕੀਤੇ ਗਏ ਡੇਟਾ ਮੁਤਾਬਕ ਗੁਦਾਮ ਅਤੇ ਭੰਡਾਰ ਇਕਾਈਆਂ ਬਣਾਉਣ ਵਾਲੀ ਕੰਪਨੀ ਨੇ ਕਿਸੇ ਹੋਰ ਸਿਆਸੀ ਪਾਰਟੀ ਨੂੰ ਕੋਈ ਪੈਸਾ ਨਹੀਂ ਦਿੱਤਾ। ਚੋਣ ਬਾਂਡ ਖ਼ਰੀਦਣ ਅਤੇ ਦਾਨ ਦੇਣ 'ਚ ਘੱਟ ਜਾਣੀ-ਪਛਾਣੀ ਲਾਟਰੀ ਕੰਪਨੀ ਫਿਊਚਰ ਗੇਮਿੰਗ ਐਂਡ ਹੋਟਲ ਸਰਵਿਸਿਜ਼ ਮੋਹਰੀ ਰਹੀ ਜਿਸ ਨੇ 1368 ਕਰੋੜ ਰੁਪਏ ਦਾਨ ਕੀਤੇ ਹਨ। ਦੂਜੇ ਨੰਬਰ 'ਤੇ ਹੈਦਰਾਬਾਦ ਆਧਾਰਿਤ ਮੇਘਾ ਇੰਜਨੀਅਰਿੰਗ ਐਂਡ ਇਨਫਰਾ ਰਹੀ ਜਿਸ ਨੇ 966 ਕਰੋੜ ਰੁਪਏ ਦਾਨ ਕੀਤੇ ਹਨ। ਰਿਲਾਇੰਸ ਨਾਲ ਸਬੰਧਾਂ ਵਾਲੀ ਇਕ ਹੋਰ ਕੰਪਨੀ ਹਨੀਵੈੱਲ ਪ੍ਰਾਪਰਟੀਜ਼ ਪ੍ਰਾਈਵੇਟ ਲਿਮਟਿਡ ਨੇ 8 ਅਪਰੈਲ, 2021 ਨੂੰ 30 ਕਰੋੜ ਰੁਪਏ ਮੁੱਲ ਦੇ ਬਾਂਡ ਖ਼ਰੀਦੇ ਸਨ ਜੋ ਉਸ ਨੇ ਭਾਜਪਾ ਨੂੰ ਦੇ ਦਿੱਤੇ। ਪਿਛਲੇ ਹਫ਼ਤੇ ਜਦੋਂ ਰਿਲਾਇੰਸ ਦੇ ਸਬੰਧਾਂ ਦਾ ਖ਼ੁਲਾਸਾ ਹੋਇਆ ਸੀ ਤਾਂ ਰਿਲਾਇੰਸ ਇੰਡਸਟਰੀਜ਼ ਦੇ ਤਰਜਮਾਨ ਨੇ ਸਵਾਲਾਂ ਦੇ ਜਵਾਬ 'ਚ ਕਿਹਾ ਸੀ ਕਿ ਕਵਿਕ ਸਪਲਾਈ ਚੇਨ ਪ੍ਰਾਈਵੇਟ ਲਿਮਟਿਡ ਰਿਲਾਇੰਸ ਦੀ ਕਿਸੇ ਵੀ ਕੰਪਨੀ ਦੀ ਸਬਸਿਡਰੀ ਨਹੀਂ ਹੈ। ਉਂਜ ਉਸ ਨੇ ਕੰਪਨੀ ਨਾਲ ਸਬੰਧਾਂ 'ਤੇ ਕੋਈ ਪ੍ਰਤੀਕਰਮ ਨਹੀਂ ਦਿੱਤਾ ਸੀ। ਗ਼ੈਰ-ਸੂਚੀਬੱਧ ਪ੍ਰਾਈਵੇਟ ਕੰਪਨੀ ਕਵਿਕ ਸਪਲਾਈ 9 ਨਵੰਬਰ, 2000 ਨੂੰ 130.99 ਕਰੋੜ ਰੁਪਏ ਦੀ ਪੂੰਜੀ ਨਾਲ ਸ਼ੁਰੂ ਹੋਈ ਸੀ। ਕੰਪਨੀ ਦਾ 2022-23 'ਚ ਮਾਲੀਆ 500 ਕਰੋੜ ਰੁਪਏ ਤੋਂ ਵੱਧ ਦਾ ਸੀ ਪਰ ਮੁਨਾਫ਼ੇ ਦੇ ਅੰਕੜਿਆਂ ਦਾ ਪਤਾ ਨਹੀਂ ਹੈ। ਕੰਪਨੀ ਨੇ 2021-22 'ਚ 360 ਕਰੋੜ ਰੁਪਏ ਮੁੱਲ ਦੇ ਚੋਣ ਬਾਂਡ ਖ਼ਰੀਦੇ ਸਨ। ਇਸੇ ਸਾਲ ਕੰਪਨੀ ਦਾ ਸ਼ੁੱਧ ਲਾਭ ਮਹਿਜ਼ 21.72 ਕਰੋੜ ਰੁਪਏ ਰਿਹਾ ਸੀ। ਉਨ੍ਹਾਂ 2023-24 'ਚ 50 ਕਰੋੜ ਰੁਪਏ ਮੁੱਲ ਦੇ ਬਾਂਡ ਖ਼ਰੀਦੇ ਸਨ।

## ਚਾਰ ਟਰੈਵਲ ਏਜੰਟਾਂ ਖਿਲਾਫ਼ ਧੋਖਾਧੜੀ ਦਾ ਕੇਸ ਦਰਜ

ਪਠਾਨਕੋਟ-ਥਾਣਾ ਸਦਰ ਦੀ ਪੁਲੀਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਦੇ ਦੋ ਮਾਮਲਿਆਂ ਵਿੱਚ ਕੇਸ ਦਰਜ ਕਰਕੇ ਚਾਰ ਏਜੰਟਾਂ ਨੂੰ ਨਾਮਜ਼ਦ ਕੀਤਾ ਹੈ। ਪਹਿਲੇ ਮਾਮਲੇ ਵਿੱਚ ਪੁਲੀਸ ਨੂੰ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਪੀੜਤ ਜੋਗਿੰਦਰ ਪਾਲ ਵਾਸੀ ਪਿੰਡ ਸਿੰਬਲੀ ਨੇ ਦੱਸਿਆ ਕਿ ਉਸ ਨੇ ਆਪਣੇ ਬੇਟੇ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਪਰਵ ਰਾਜ ਪੁੱਤਰ ਜਨਕ ਰਾਜ ਵਾਸੀ ਧੀਰਾ ਨੂੰ 14.26 ਲੱਖ ਰੁਪਏ ਦਿੱਤੇ ਸਨ। ਮੁਲਜ਼ਮ ਨੇ ਨਾ ਤਾਂ ਉਸ ਦੇ ਬੇਟੇ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਦੂਸਰੇ ਮਾਮਲੇ ਵਿੱਚ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਰਾਵਿੰਦਰ ਕੌਰ ਵਾਸੀ ਨੌਸ਼ਹਿਰਾ ਨਲਬੰਦਾ ਨੇ ਦੱਸਿਆ ਕਿ ਏਜੰਟ ਸੁਰਜੀਤ ਸਿੰਘ ਤੇ ਉਸ ਦੇ ਸਾਥੀ ਕੁਲਵਿੰਦਰ ਤੇ ਗੌਰਵ ਨੇ ਉਸ ਦੇ ਬੇਟੇ ਨੂੰ ਇੱਕ ਮਹੀਨੇ ਵਿੱਚ ਪੁਰਤਗਾਲ ਭੇਜਣ ਦੇ ਨਾਂ 'ਤੇ 13.5 ਲੱਖ ਰੁਪਏ ਲਏ ਪਰ ਉਨ੍ਹਾਂ ਨੇ ਨਾ ਤਾਂ ਉਸ ਦੇ ਬੇਟੇ ਨੂੰ ਵਿਦੇਸ਼ ਭੇਜਿਆ ਤੇ ਨਾ ਹੀ ਪੈਸੇ ਮੋੜੇ।

## ਸੰਗਰੂਰ ਸਿਵਲ ਹਸਪਤਾਲ 'ਚ ਜ਼ੇਰੇ ਇਲਾਜ ਵੀਰਪਾਲ ਸਿੰਘ

ਬਸੰਤ ਸਿੰਘ ਪਿਛਲੇ ਕਈ ਸਾਲਾਂ ਤੋਂ ਆਪਣੇ ਨਾਨਕੇ ਪਿੰਡ ਗੁੱਜਰਾਂ ਰਹਿ ਰਿਹਾ ਸੀ ਅਤੇ ਮਜ਼ਦੂਰੀ ਕਰਕੇ ਆਪਣਾ ਪਰਿਵਾਰ ਪਾਲ ਰਿਹਾ ਸੀ। ਉਹ ਦੋ ਭਰਾ ਅਤੇ ਤਿੰਨ ਭੈਣਾਂ ਦਾ ਭਰਾ ਸੀ। ਇਸ ਘਟਨਾ 'ਚ ਮਾਰੇ ਗਏ ਨਿਰਮਲ ਸਿੰਘ ਅਤੇ ਪ੍ਰਗਟ ਸਿੰਘ ਸਕੇ ਭਰਾ ਸਨ ਜਿਨ੍ਹਾਂ ਦਾ ਜਨਮ ਵੀ ਇਕੱਠਿਆਂ ਹੋਇਆ ਹੈ ਅਤੇ ਮੌਤ ਵੀ ਇਕੱਠਿਆਂ ਦੀ ਹੋਈ ਹੈ। ਪਰਿਵਾਰ ਨੇ ਦੱਸਿਆ ਕਿ ਪ੍ਰਗਟ ਸਿੰਘ ਮਜ਼ਦੂਰੀ ਕਰਦਾ ਸੀ ਉਹ ਆਪਣੇ ਪਿੱਛੇ ਪਤਨੀ ਅਤੇ ਤਿੰਨ ਬੱਚੇ ਛੱਡ ਗਿਆ ਹੈ ਜਦਕਿ ਨਿਰਮਲ ਸਿੰਘ ਵੀ ਦੋ ਬੱਚਿਆਂ ਦਾ ਬਾਪ ਸੀ। ਚੌਥਾ ਵਿਅਕਤੀ ਜਗਜੀਤ ਸਿੰਘ ਪੁੱਤਰ ਜੋਗਾ ਸਿੰਘ ਵਾਸੀ ਗੁੱਜਰਾਂ ਮਾਪਿਆਂ ਦੀ ਇਕਲੌਤਾ ਪੁੱਤਰ ਤੇ ਤਿੰਨ ਭੈਣਾਂ ਦਾ ਭਰਾ ਸੀ। ਉਹ ਪਿੱਛੇ ਪਤਨੀ ਤੇ ਤਿੰਨ ਬੱਚੇ ਛੱਡ ਗਿਆ ਹੈ। ਦੋ ਹੋਰ ਵਿਅਕਤੀ ਵੀਰਪਾਲ ਸਿੰਘ ਤੇ ਸਤਨਾਮ ਸਿੰਘ ਹਸਪਤਾਲ ਦਾਖਲ ਹਨ। ਥਾਣਾ ਦਿੜ੍ਹਬਾ ਦੇ ਐੱਸਐੱਚਓ ਗੁਰਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੇਸ ਦਰਜ ਕਰਕੇ ਸ਼ਰਾਬ ਵੇਚਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਲਾਸ਼ਾਂ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ। ਮਾਮਲੇ ਦੀ ਨਿਗਰਾਨੀ ਕਰ ਰਹੇ ਡੀਆਈਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਮਾਮਲੇ 'ਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸੁਖਵਿੰਦਰ ਸਿੰਘ ਸੁੱਖੀ ਤੇ ਮਨਪ੍ਰੀਤ ਸਿੰਘ ਮਨੀ ਦੋਵੇਂ ਵਾਸੀ ਪਿੰਡ ਗੁੱਜਰਾਂ ਨੂੰ ਪਹਿਲਾਂ ਫੜਿਆ ਗਿਆ ਸੀ ਜਦਕਿ ਗੁਰਲਾਲ ਸਿੰਘ ਨਾਂ ਦੇ ਵਿਅਕਤੀ ਨੂੰ ਬਾਅਦ ਵਿੱਚ ਫੜਿਆ ਗਿਆ ਹੈ। ਸੰਗਰੂਰ ਦੇ ਸਿਵਲ ਸਰਜਨ ਡਾ. ਕਿਰਪਾਲ ਸਿੰਘ ਨੇ ਦੱਸਿਆ ਕਿ ਕੁੱਲ 16 ਵਿਅਕਤੀ ਸਿਵਲ ਹਸਪਤਾਲ ਦਾਖਲ ਕਰਾਏ ਗਏ ਸਨ ਜਿਨ੍ਹਾਂ 'ਚੋਂ 5 ਜਣਿਆਂ ਦੀ ਮੌਤ ਹੋ ਚੁੱਕੀ ਹੈ ਜਦਕਿ 11 ਵਿਅਕਤੀਆਂ 'ਚੋਂ 4 ਨੂੰ ਪਟਿਆਲਾ ਰੈੱਫ਼ਰ ਕੀਤਾ ਗਿਆ ਹੈ ਅਤੇ ਬਾਕੀ ਸਿਵਲ ਹਸਪਤਾਲ 'ਚ ਜ਼ੇਰੇ ਇਲਾਜ ਹਨ।

## ਆਬਕਾਰੀ ਨੀਤੀ ਘੁਟਾਲੇ ਵਿਚ ਕੇਜਰੀਵਾਲ ਗ੍ਰਿਫ਼ਤਾਰ

ਸਫ਼ਾ 1 ਦੀ ਬਾਕੀ

ਦਿੱਲੀ ਪੁਲੀਸ ਦੇ ਨਾਲ ਰੈਪਿਡ ਐਕਸ਼ਨ ਫੋਰਸ ਤੇ ਕੇਂਦਰੀ ਰਿਜ਼ਰਵ ਪੁਲੀਸ ਬਲ (ਸੀਆਰਪੀਐੱਫ) ਦੀਆਂ ਯੂਨਿਟਾਂ ਵੀ ਤਾਇਨਾਤ ਕੀਤੀਆਂ ਗਈਆਂ ਹਨ। ਈਡੀ ਦੀ ਦਸਤਕ ਦਾ ਪਤਾ ਲੱਗਦਿਆਂ ਹੀ ਦਿੱਲੀ ਸਰਕਾਰ 'ਚ ਮੰਤਰੀ ਸੌਰਭ ਭਾਰਦਵਾਜ, ਆਤਿਸ਼ੀ ਤੇ ਹੋਰ 'ਆਪ' ਆਗੂ ਤੇ ਵਰਕਰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਇਕੱਤਰ ਹੋ ਗਏ। ਇਨ੍ਹਾਂ ਆਗੂਆਂ ਤੇ ਵਰਕਰਾਂ ਨੇ 'ਆਪ ਜ਼ਿੰਦਾਬਾਦ', 'ਅਰਵਿੰਦ ਕੇਜਰੀਵਾਲ ਜ਼ਿੰਦਾਬਾਦ' ਤੇ 'ਅਰਵਿੰਦ ਭਾਈ ਤੁਮ ਸੰਘਰਸ਼ ਕਰੋ, ਹਮ ਤੁਮਹਾਰੇ ਸਾਥ ਹੈਂ' ਦੇ ਨਾਅਰੇ ਲਾਏ। 'ਆਪ' ਨੇ ਐਕਸ 'ਤੇ ਲੜੀਵਾਰ ਪੋਸਟਾਂ ਵਿਚ ਕਿਹਾ, "ਈਡੀ ਦਿੱਲੀ ਦੇ ਪੁੱਤਰ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ 'ਤੇ ਪਹੁੰਚ ਗਈ ਹੈ। ਭਾਜਪਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਜਿਸ ਪਹਾੜ ਨੂੰ ਹਿਲਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਉਸ ਦੀ ਹਮਾਇਤ ਵਿਚ ਪੂਰਾ ਦੇਸ਼ ਖੜ੍ਹਾ ਹੈ। ਦਿੱਲੀ ਦੇ ਲੋਕ ਸਭ ਕੁਝ ਦੇਖ ਰਹੇ ਹਨ। ਅੱਜ ਕੋਈ ਚੁੱਪ ਨਹੀਂ ਰਹੇਗਾ।" ਉਧਰ ਦਿਨੇਂ ਕੇਜਰੀਵਾਲ ਨੇ ਇਸ ਮਾਮਲੇ ਵਿਚ ਹਾਈ ਕੋਰਟ ਤੋਂ ਰਾਹਤ ਨਾ ਮਿਲਣ ਮਗਰੋਂ ਸੁਪਰੀਮ ਕੋਰਟ ਦਾ ਰੁਖ਼ ਕੀਤਾ। ਮਗਰੋਂ 'ਆਪ' ਆਗੂ ਆਤਿਸ਼ੀ ਨੇ ਕਿਹਾ ਕਿ ਉਹ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਰੱਦ ਕਰਵਾਉਣ ਲਈ ਸੁਪਰੀਮ ਕੋਰਟ ਪਹੁੰਚ ਗਏ ਹਨ। ਈਡੀ ਨੇ ਇਸੇ ਮਾਮਲੇ ਵਿਚ ਪਿਛਲੇ ਹਫ਼ਤੇ ਭਾਰਤ ਰਾਸ਼ਟਰ ਸਮਿਤੀ (ਬੀਆਰਐੱਸ) ਆਗੂ ਕੇ.ਕਵਿਤਾ ਨੂੰ ਹੈਦਰਾਬਾਦ ਤੋਂ ਗ੍ਰਿਫ਼ਤਾਰ ਕੀਤਾ ਸੀ। ਤਿਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਕੇ.ਚੰਦਰਸ਼ੇਖਰ ਰਾਓ ਦੀ ਧੀ ਕਵਿਤਾ 23 ਮਾਰਚ ਤੱਕ ਈਡੀ ਦੀ ਹਿਰਾਸਤ ਵਿਚ ਹੈ।

## ਪੌਲੀਵਰ ਕਾਰਬਨ ਟੈਕਸ ਮੁੱਦੇ ਨੂੰ ਲੈ ਕੇ ਉਲਟਾਉਣਾ ਚਾਹੁੰਦੇ ਹਨ...

ਸਫ਼ਾ 1 ਦੀ ਬਾਕੀ

ਟਰੂਡੋ 'ਤੇ ਹਮਲਾ ਕੀਤਾ ਅਤੇ ਉਨ੍ਹਾਂ ਨੇ ਸਰਕਾਰ ਨੂੰ ਆਪਣੇ ਸਾਰੇ ਸਵਾਲਾਂ ਦੀ ਪ੍ਰੋਗਰਾਮ ਦੀ ਆਲੋਚਨਾ ਕਰਨ ਅਤੇ ਇਸ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਵਰਤੋਂ ਕੀਤੀ। ਕਾਰਬਨ ਕੀਮਤਾਂ ਦੀ ਉਪਯੋਗਤਾ 'ਤੇ ਚਰਚਾ ਕਰਨ ਪਿੱਛੋਂ ਪੋਲੀਵਰ ਨੇ ਕਿਹਾ ਕਿ ਅਸੀਂ ਬਹਿਸ ਖਤਮ ਕਰਕੇ ਕਿਉਂ ਨਹੀਂ ਕੈਨੇਡੀਅਨਾਂ 'ਤੇ ਕਾਰਬਨ ਟੈਕਸ ਚੋਣਾਂ ਦਾ ਫ਼ੈਸਲਾ ਛੱਡ ਦੇਈਏ। ਪਾਰਟੀ ਨੇ ਕਾਰਬਨ ਟੈਕਸ ਵਾਧੇ 'ਤੇ ਵੋਟਿੰਗ ਕਰਨ ਲਈ ਮਜ਼ਬੂਰ ਕਰਨ ਵਾਸਤੇ ਹਾਊਸ ਆਫ ਕਾਮਨਜ਼ ਵਿਚ ਇਕ ਹੋਰ ਵਿਰੋਧ ਦਿਵਸ ਦਾ ਮਤਾ ਪੇਸ਼ ਕੀਤਾ ਪਰ ਵਾਧੇ ਨੂੰ ਰੋਕਣ ਦਾ ਮਤਾ ਬਲੌਕ ਕਿਊਬਕੁਇਸ, ਲਿਬਰਲ ਅਤੇ ਐਨਡੀਪੀ ਦੇ ਐਮਪੀਜ਼ ਨੇ ਵੋਟਾਂ ਨਾਲ ਹਰਾ ਦਿੱਤਾ।

## ਮੈਟਰੋ ਵੈਨਕੂਵਰ ਵਿਚ ਲੋਕਾਂ ਨੂੰ ਹਜ਼ਾਰਾਂ ਕਿਫਾਇਤੀ ਘਰ ਮੁਹੱਈਆ ਕੀਤੇ ਜਾਣਗੇ-ਪ੍ਰੀਮੀਅਰ ਡੇਵਿਡ ਏਬੀ

ਸਫ਼ਾ 1 ਦੀ ਬਾਕੀ

ਦੇਖਭਾਲ ਵਿਚ ਰਹਿ ਰਹੇ ਸਾਬਕਾ ਨੌਜਵਾਨਾਂ ਅਤੇ ਹਿੰਸਾ ਤੋਂ ਸਤਾਈਆਂ ਔਰਤਾਂ ਲਈ ਹੋਣਗੇ। ਇਸ ਵਿਚ ਟਾਊਨਹਾਊਸ ਦੇ ਛੋਟੇ ਵਿਕਾਸ ਤੋਂ ਲੈ ਕੇ ਵਿਸ਼ਾਲ ਮਲਟੀ ਯੂਨਿਟ ਵਿਕਾਸ ਤਕ ਸਭ ਕੁਝ ਹੋਵੇਗਾ। ਇਹ ਐਲਾਨ ਸਰੀ ਵਿਚ ਨਵੇਂ ਹਾਊਸਿੰਗ ਪ੍ਰਾਜੈਕਟ ਵਾਲੀ ਥਾਂ ਸੋਹਕੋਜਾਹ ਵਿਕਾਸ (7567 140 ਸਟਰੀਟ) ਵਿਖੇ ਇਕ ਪ੍ਰੈਸ ਕਾਨਫਰੰਸ ਵਿਚ ਕੀਤਾ ਗਿਆ ਜਿਸ ਦੇ 2024 ਦੇ ਬਸੰਤ ਮੌਸਮ ਦੇ ਅਖੀਰ ਵਿਚ ਖੁਲ੍ਹਣ ਦੀ ਆਸ ਹੈ। ਇਸ ਪ੍ਰਾਜੈਕਟ ਨੂੰ ਪਹਿਲਾਂ ਦੂਸਰੇ ਪੜਾਅ ਲਈ ਕਮਿਊਨਿਟੀ ਹਾਊਸਿੰਗ ਫੰਡ ਮਿਲਿਆ ਸੀ। ਹਾਊਸਿੰਗ ਮੰਤਰੀ ਰਵੀ ਕਾਹਲੋਂ ਨੇ ਦੱਸਿਆ ਕਿ ਇਹ ਘਰ ਸੂਬੇ ਦੇ ਕਿਫਾਇਤੀ ਘਰ ਤੇਜ਼ੀ ਨਾਲ ਮੁਹੱਈਆ ਕਰਨ ਦੀ ਯੋਜਨਾ ਦਾ ਹਿੱਸਾ ਹਨ। ਮੰਤਰਾਲੇ ਨੇ ਦੱਸਿਆ ਕਿ ਮੰਗਲਵਾਰ ਦਾ ਐਲਾਨ ਕਮਿਊਨਿਟੀ ਹਾਊਸਿੰਗ ਫੰਡ ਦੀ 2032 ਤਕ ਸੂਬੇ ਵਿਚ 20000 ਤੋਂ ਵੀ ਜ਼ਿਆਦਾ ਕਿਫਾਇਤੀ ਕਿਰਾਏ ਦੇ ਘਰ ਉਸਾਰਨ ਲਈ 3.2 ਅਰਬ ਡਾਲਰ ਦੀ ਯੋਜਨਾ ਦਾ ਹਿੱਸਾ ਹੈ। ਉਨ੍ਹਾਂ ਵਿਚੋਂ 12500 ਘਰ ਪਹਿਲਾਂ ਹੀ ਖੋਲ੍ਹ ਦਿੱਤੇ ਗਏ ਹਨ ਜਾਂ ਮੌਜੂਦਾ ਸਮੇਂ ਉਸਾਰੀ ਅਧੀਨ ਹਨ।



WE HAVE MOVED TO BIGGER & BETTER LOCATION
#208-7110-120TH ST, SURREY
ICBC
NO WIN NO FEE
WE DO HOME & HOSPITAL VISITS
Your Lawyers, Because We Care
- Criminal Law
- Divorce Cases
- Immigration Law
- Notary Services
Singh Thind and Associates
BARRISTERS & SOLICITORS
#208 7110 120TH ST, SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਆਂਗ ਸਾਂ ਸੂ ਕੀ ਦੇ ਘਰ ਦੀ ਨਿਲਾਮੀ ਲਈ ਨਾ ਪੁੱਜਿਆ ਕੋਈ ਬੋਲੀਕਾਰ

## ਮਿਆਂਮਾਰ ਦੀ ਆਗੂ ਨੂੰ 15 ਸਾਲ ਤੱਕ ਸਬੰਧਤ ਘਰ 'ਚ ਰੱਖਿਆ ਗਿਆ ਸੀ ਨਜ਼ਰਬੰਦ



ਬੈਂਕਾਕ-ਮਿਆਂਮਾਰ ਦੀ ਜੇਲ੍ਹ 'ਚ ਬੰਦ ਸਾਬਕਾ ਨੇਤਾ ਆਂਗ ਸਾਂ ਸੂ ਕੀ ਦੇ ਪਰਿਵਾਰਕ ਘਰ ਦੀ ਅੱਜ ਅਦਾਲਤ ਦੇ ਹੁਕਮਾਂ 'ਤੇ ਰੱਖੀ ਗਈ ਨਿਲਾਮੀ 'ਚ ਕੋਈ ਬੋਲੀਕਾਰ ਹਾਜ਼ਰ ਨਹੀਂ ਹੋਇਆ ਇਸ ਘਰ 'ਚ ਸੂ ਕੀ ਨੂੰ ਤਕਰੀਬਨ 15 ਸਾਲਾਂ ਤੱਕ ਨਜ਼ਰਬੰਦ ਰੱਖਿਆ ਗਿਆ ਸੀ। ਇਹ ਜਾਣਕਾਰੀ ਸਰਕਾਰੀ ਅਧਿਕਾਰੀਆਂ ਨੇ ਦਿੱਤੀ। ਮਿਆਂਮਾਰ 'ਚ ਕੋਈ ਲੋਕ ਇਸ ਘਰ ਨੂੰ ਫੌਜੀ ਸ਼ਾਸਨ ਖ਼ਿਲਾਫ਼ ਸੂ ਕੀ ਦੇ ਅਹਿੰਸਕ ਸੰਘਰਸ਼ ਦੇ ਇਤਿਹਾਸਕ ਮੀਲ ਪੱਥਰ ਵਜੋਂ ਦੇਖਦੇ ਹਨ ਜਿਸ ਲਈ ਉਸ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਮਿਲਿਆ ਸੀ। ਜਨਵਰੀ 'ਚ ਇੱਕ ਅਦਾਲਤ ਨੇ ਯਾਂਗੂਨ 'ਚ ਘਰ ਤੇ 1.9 ਏਕੜ ਜਾਇਦਾਦ ਨੂੰ 90 ਮਿਲੀਅਨ ਅਮਰੀਕੀ ਡਾਲਰ ਦੀ ਘੱਟੋ ਘੱਟ ਕੀਮਤ 'ਤੇ ਵੇਚਣ ਦਾ ਹੁਕਮ ਦਿੱਤਾ ਸੀ। ਇਸ ਬੋਲੀ ਤੋਂ ਮਿਲਣ ਵਾਲੀ ਰਾਸ਼ੀ ਸੂ ਕੀ ਤੇ ਉਸ ਤੋਂ ਵੱਖ ਹੋ ਚੁੱਕੇ ਵੱਡੇ ਭਰਾ ਵਿਚਾਲੇ ਵੰਡੀ ਜਾਵੇਗੀ। ਸੂ ਕੀ ਦੇ ਵਕੀਲਾਂ ਨੇ ਇਸ ਬੋਲੀ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ। ਇੱਥੇ ਰਹਿੰਦਿਆਂ ਸੂ ਕੀ ਨੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਤਤਕਾਲੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਅਤੇ ਸੰਯੁਕਤ ਰਾਸ਼ਟਰ ਦੇ ਤਤਕਾਲੀ ਜਨਰਲ ਸਕੱਤਰ ਬਾਨ ਕੀ ਮੂਨ ਸਮੇਤ ਕਈ ਹੋਰ ਅਹਿਮ ਹਸਤੀਆਂ ਦੀ ਮੇਜ਼ਬਾਨੀ ਕੀਤੀ ਸੀ। ਸੂ ਕੀ (78) ਕਈ ਕੇਸਾਂ ਦੇ ਮਾਮਲੇ 'ਚ 27 ਸਾਲ ਜੇਲ੍ਹ ਦੀ ਸਜ਼ਾ ਕੱਟ ਰਹੀ ਹੈ। ਫੌਜੀ ਸ਼ਾਸਨ ਨੇ ਫਰਵਰੀ 2021 ਵਿੱਚ ਉਸ ਦੀ ਚੁਣੀ ਹੋਈ ਸਰਕਾਰ ਤੋਂ ਸੱਤਾ ਖੋਹ ਲਈ ਸੀ।

# ਜ਼ਰਦਾਰੀ ਦੀ ਧੀ ਆਸਿਫ਼ਾ ਨੇ ਪਾਕਿਸਤਾਨ ਦੀ ਸਿਆਸਤ ਵਿਚ ਕਦਮ ਰੱਖਿਆ

## ਪਿਤਾ ਦੇ ਅਸਤੀਫ਼ੇ ਮਗਰੋਂ ਖ਼ਾਲੀ ਹੋਈ ਸੀਟ ਲਈ ਨਾਮਜ਼ਦਗੀ ਪੱਤਰ ਦਾਖ਼ਲ



ਇਸਲਾਮਾਬਾਦ: ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਅਤੇ ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਸਭ ਤੋਂ ਛੋਟੀ ਧੀ ਆਸਿਫ਼ਾ ਭੁੱਟੋ ਨੇ ਸਿੰਧ ਸੂਬੇ ਵਿੱਚ ਕੌਮੀ ਅਸੈਂਬਲੀ ਦੀ ਇੱਕ ਸੀਟ ਤੋਂ ਜ਼ਿਮਨੀ ਚੋਣ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰ ਕੇ ਦੇਸ਼ ਦੀ ਉੱਥਲ-ਪੁੱਥਲ ਵਾਲੀ ਸਿਆਸਤ ਵਿੱਚ ਕਦਮ ਰੱਖਿਆ ਹੈ। ਆਸਿਫ਼ਾ ਦੇ ਪਿਤਾ ਜ਼ਰਦਾਰੀ ਦੇ ਅਸਤੀਫ਼ੇ ਮਗਰੋਂ ਸਿੰਧ ਸੂਬੇ ਵਿੱਚ ਸ਼ਹੀਦ ਬੇਨਜ਼ੀਰਾਬਾਦ ਜ਼ਿਲ੍ਹੇ ਦੀ ਐੱਨਏ-207 ਸੀਟ ਖ਼ਾਲੀ ਹੋ ਗਈ ਹੈ। 31 ਸਾਲਾ ਆਸਿਫ਼ਾ ਕੁੱਝ ਸਮੇਂ ਤੋਂ ਪਾਕਿਸਤਾਨ ਦੀ ਸਿਆਸਤ ਵਿੱਚ ਸਰਗਰਮ ਹੈ, ਪਰ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਸਹਿ-ਚੇਅਰਪਰਸਨ ਅਤੇ ਉਨ੍ਹਾਂ ਦੇ ਪਿਤਾ ਜ਼ਰਦਾਰੀ ਨੇ ਆਸਿਫ਼ਾ ਨੂੰ ਢੁਕਵੇਂ ਸਮੇਂ ਤੱਕ ਸੰਸਦੀ ਸਿਆਸਤ ਤੋਂ ਦੂਰ ਰੱਖਿਆ ਸੀ। ਆਸਿਫ਼ ਅਲੀ ਜ਼ਰਦਾਰੀ ਨੇ 10 ਮਾਰਚ ਨੂੰ ਪਾਕਿਸਤਾਨ ਦੇ 14ਵੇਂ ਰਾਸ਼ਟਰਪਤੀ ਵਜੋਂ ਹਲਫ਼ ਲਿਆ ਸੀ। ਇਸ ਸਹੁੰ-ਚੁੱਕ ਸਮਾਗਮ ਵਿੱਚ ਆਸਿਫ਼ਾ ਭੁੱਟੋ ਵੀ ਮੌਜੂਦ ਸੀ। ਆਮ ਤੌਰ 'ਤੇ ਪ੍ਰਥਮ ਮਹਿਲਾ ਦਾ ਅਹੁਦਾ ਰਾਸ਼ਟਰਪਤੀ ਦੀ ਪਤਨੀ ਕੋਲ ਹੁੰਦਾ ਹੈ। ਹੁਣ ਆਸਿਫ਼ਾ ਪਾਕਿਸਤਾਨ ਦੀ ਪ੍ਰਥਮ ਮਹਿਲਾ ਬਣੇਗੀ। ਉਨ੍ਹਾਂ ਦੇ ਪਿਤਾ ਜ਼ਰਦਾਰੀ ਨੇ ਇਹ ਸੀਟ ਜਿੱਤੀ ਸੀ ਪਰ ਰਾਸ਼ਟਰਪਤੀ ਬਣਨ ਮਗਰੋਂ ਉਨ੍ਹਾਂ ਨੇ ਇਹ ਸੀਟ ਛੱਡ ਦਿੱਤੀ ਸੀ।

# ਅਫ਼ਗਾਨਿਸਤਾਨ ਦਾ ਨਵਾਂ ਅਕਾਦਮਿਕ ਸਾਲ ਕੁੜੀਆਂ ਬਿਨਾਂ ਸ਼ੁਰੂ

- ਤਾਲਿਬਾਨੀ ਨਿਜ਼ਾਮ ਵੱਲੋਂ ਲਾਈ ਪਾਬੰਦੀ ਦਾ ਇਕ ਲੱਖ ਕੁੜੀਆਂ 'ਤੇ ਪਿਆ ਅਸਰ
- 50 ਲੱਖ ਦੇ ਕਰੀਬ ਕੁੜੀਆਂ ਸਕੂਲਾਂ ਤੋਂ ਲਾਂਭੇ ਹੋਈਆਂ

ਇਸਲਾਮਾਬਾਦ-ਅਫ਼ਗ਼ਾਨਿਸਤਾਨ ਵਿਚ ਅੱਜ ਤੋਂ ਸਕੂਲਾਂ ਵਿਚ ਨਵਾਂ ਅਕਾਦਮਿਕ ਸਾਲ ਸ਼ੁਰੂ ਹੋ ਗਿਆ ਹੈ ਪਰ ਜਮਾਤਾਂ ਵਿਚ ਕੁੜੀਆਂ ਦੀ ਕਮੀ ਅਜੇ ਵੀ ਰੜਕ ਰਹੀ ਹੈ। ਤਾਲਿਬਾਨੀ ਹਕੂਮਤ ਵਿਚ ਕੁੜੀਆਂ ਨੂੰ ਛੇਵੀਂ ਜਮਾਤ ਤੱਕ ਹੀ ਸਕੂਲ ਜਾਣ ਦੀ ਖੁੱਲ੍ਹ ਹੈ। ਅਫ਼ਗ਼ਾਨਿਸਤਾਨ ਇਕੋ ਇਕ ਮੁਲਕ ਹੈ ਜਿੱਥੇ ਮਹਿਲਾਵਾਂ ਦੀ ਸਿੱਖਿਆ 'ਤੇ ਪਾਬੰਦੀਆਂ ਆਇਦ ਹਨ। ਸੰਯੁਕਤ ਰਾਸ਼ਟਰ ਦੀ ਬੱਚਿਆਂ ਬਾਰੇ ਏਜੰਸੀ ਨੇ ਕਿਹਾ ਕਿ ਤਾਲਿਬਾਨੀ ਨਿਜ਼ਾਮ ਵੱਲੋਂ ਲਾਈ ਪਾਬੰਦੀ ਦਾ ਅਸਰ 10 ਲੱਖ ਕੁੜੀਆਂ ਦੇ ਭਵਿੱਖ 'ਤੇ ਪਿਆ ਹੈ। ਏਜੰਸੀ ਵੱਲੋਂ ਲਾਏ ਅਨੁਮਾਨਾਂ ਅਨੁਸਾਰ ਤਾਲਿਬਾਨ ਵੱਲੋਂ ਦੇਸ਼ ਦੀ ਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਸਹੂਲਤਾਂ ਦੀ ਘਾਟ ਤੇ ਹੋਰ ਕਾਰਨਾਂ ਕਰਕੇ 50 ਲੱਖ ਦੇ ਕਰੀਬ ਕੁੜੀਆਂ ਸਕੂਲਾਂ ਤੋਂ ਲਾਂਭੇ ਹੋ ਗਈਆਂ ਸਨ। ਤਾਲਿਬਾਨ ਦੇ ਸਿੱਖਿਆ ਮੰਤਰੀ ਨੇ ਨਵੇਂ ਅਕਾਦਮਿਕ ਸਾਲ ਦੀ ਸ਼ੁਰੂਆਤ ਵਿਧੀਵਤ ਤਰੀਕੇ ਨਾਲ ਕੀਤੀ ਪਰ ਮਹਿਲਾ ਪੱਤਰਕਾਰਾਂ ਨੂੰ ਸਮਾਗਮ ਤੋਂ ਦੂਰ ਰੱਖਿਆ ਗਿਆ। ਪੱਤਰਕਾਰਾਂ ਨੂੰ ਭੇਜੇ ਸੱਦਾ ਪੱਤਰਾਂ ਵਿਚ ਲਿਖਿਆ ਸੀ, "ਬੈਠਣਾਂ ਲਈ ਢੁੱਕਵੀਂ ਥਾਂ ਦੀ ਘਾਟ ਕਰਕੇ ਅਸੀਂ ਮਹਿਲਾ ਪੱਤਰਕਾਰਾਂ ਤੋਂ ਮੁਆਫ਼ੀ ਮੰਗਦੇ ਹਾਂ।" ਸਮਾਗਮ ਦੌਰਾਨ ਤਾਲਿਬਾਨ ਦੇ ਸਿੱਖਿਆ ਮੰਤਰੀ ਹਬੀਬਉੱਲ੍ਹਾ ਆਗਾਹਾ ਨੇ ਕਿਹਾ ਕਿ ਮੰਤਰਾਲਾ 'ਧਾਰਮਿਕ ਸਿੱਖਿਆ ਤੇ ਆਧੁਨਿਕ ਵਿਗਿਆਨ ਦੇ ਮਿਆਰ ਨੂੰ ਵਧਾਉਣ' ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ।" ਤਾਲਿਬਾਨ ਵੱਲੋਂ ਬੁਨਿਆਦੀ ਸਾਖਰਤਾ ਤੇ ਅੰਕੜਾ ਗਿਆਨ ਦੀ ਥਾਂ ਇਸਲਾਮ ਬਾਰੇ ਜਾਣਕਾਰੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਮਦਰੱਸਿਆਂ ਜਾਂ ਧਾਰਮਿਕ ਸਕੂਲਾਂ ਵੱਲ ਝੁਕਾਅ ਇਸ ਦੀ ਮੁੱਖ ਵਜ੍ਹਾ ਹੈ। ਮੰਤਰੀ ਨੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਇਸਲਾਮ ਤੇ ਅਫ਼ਗ਼ਾਨ ਸਿਧਾਂਤਾਂ ਤੋਂ ਉਲਟ ਕੱਪੜੇ ਪਾਉਣ ਤੋਂ ਪ੍ਰਹੇਜ਼ ਕਰਨ। ਤਾਲਿਬਾਨ ਦੇ ਉਪ ਪ੍ਰਧਾਨ ਮੰਤਰੀ ਅਬਦੁਲ ਸਲਾਮ ਹਨਾਫ਼ੀ ਨੇ ਕਿਹਾ ਕਿ ਉਹ 'ਦੇਸ਼ ਦੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿੱਖਿਆ ਦਾ ਘੇਰਾ ਵਧਾਉਣ' ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਤਾਲਿਬਾਨ ਨੇ ਪਹਿਲਾਂ ਕਿਹਾ ਸੀ ਕਿ ਕੁੜੀਆਂ ਦਾ ਆਪਣੀ ਸਿੱਖਿਆ ਜਾਰੀ ਰੱਖਣੀ ਇਸਲਾਮਿਕ ਕਾਨੂੰਨ ਜਾਂ ਸ਼ਰੀਆ ਦੇ ਖਿਲਾਫ਼ ਹੈ ਤੇ ਜੇਕਰ ਉਨ੍ਹਾਂ ਸਕੂਲਾਂ ਵਿਚ ਵਾਪਸ ਆਉਣਾ ਹੈ ਤਾਂ ਇਸ ਲਈ ਕੁਝ ਸ਼ਰਤਾਂ ਨਿਰਧਾਰਿਤ ਕਰਨ ਦੀ ਲੋੜ ਹੈ। ਤਾਲਿਬਾਨ ਨੇ 1990ਵਿਆਂ ਵਿਚ ਅਫ਼ਗ਼ਾਨਿਸਤਾਨ 'ਤੇ ਰਾਜ ਕਰਨ ਮੌਕੇ ਵੀ ਕੁੜੀਆਂ ਦੀ ਸਿੱਖਿਆ 'ਤੇ ਪਾਬੰਦੀ ਲਾਈ ਸੀ। ਸ਼ੁਰੂਆਤ ਵਿਚ ਵਧੇਰੇ ਉਦਾਰ ਨੇਮ ਬਣਾਉਣ ਦਾ ਵਾਅਦਾ ਕਰਨ ਦੇ ਬਾਵਜੂਦ ਤਾਲਿਬਾਨ ਨੇ ਮਹਿਲਾਵਾਂ ਨੂੰ ਉੱਚ ਸਿੱਖਿਆ ਲੈਣ ਤੋਂ ਰੋਕਿਆ। ਸਖ਼ਤ ਪਾਬੰਦੀਆਂ ਤਹਿਤ ਉਨ੍ਹਾਂ ਦੇ ਜਨਤਕ ਥਾਵਾਂ ਜਿਵੇਂ ਪਾਰਕਾਂ ਵਿਚ ਆਉਣ ਜਾਣ 'ਤੇ ਪਾਬੰਦੀਆਂ ਲਾਈਆਂ।


Injured in an accident?
ICBC claim?
We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।


We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.
604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.randhawalaw.ca
200 – 6245 136th Street, Surrey, BC.






# ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੇ ਨਵ-ਪ੍ਰਕਾਸ਼ਿਤ ਨਾਵਲ 'ਨਾਬਰ' ਉਪਰ ਹੋਈ ਭਰਵੀਂ ਵਿਚਾਰ ਚਰਚਾ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੇ ਨਵ-ਪ੍ਰਕਾਸ਼ਿਤ ਨਾਵਲ 'ਨਾਬਰ' ਉਪਰ ਵਿਚਾਰ ਚਰਚਾ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਵਿਹੜੇ ਵਿੱਚ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਜਰਨੈਲ ਸਿੰਘ ਸੇਖਾ, ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਹਰਜੋਤ ਕੌਰ ਖਹਿਰਾ ਨੇ ਕੀਤੀ। ਇਸ ਸਮਾਗਮ ਵਿੱਚ ਨਾਵਲ ਉੱਪਰ ਬਹੁਤ ਹੀ ਸਾਰਥਿਕ ਵਿਚਾਰ ਚਰਚਾ ਹੋਈ ਜਿਸ ਵਿੱਚ ਸਰੀ, ਬਰਨਬੀ, ਵੈਨਕੂਵਰ ਤੋਂ ਪਹੁੰਚੇ ਕਈ ਵਿਦਵਾਨਾਂ, ਸਾਹਿਤਕਾਰਾਂ ਨੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ। ਸਮਾਗਮ ਦਾ ਆਗਾਜ਼ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਉਹਨਾਂ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ ਸਬੰਧੀ ਸੰਖੇਪ ਵਿੱਚ ਜਾਣਕਾਰੀ ਪ੍ਰਦਾਨ ਕੀਤੀ। ਮੰਚ ਸੰਚਾਲਕ ਮੋਹਨ ਗਿੱਲ ਨੇ ਸ਼ੁਰੂਆਤ ਵਿੱਚ ਜਰਨੈਲ ਸਿੰਘ ਸੇਖਾ ਦੇ ਸਾਹਿਤਕ ਸਫਰ ਬਾਰੇ ਦਸਦਿਆਂ ਕਿਹਾ ਕਿ ਪੰਜਾਬੀ ਸਾਹਿਤ ਵਿੱਚ ਉਹਨਾਂ ਦਾ ਮਾਨਯੋਗ ਸਥਾਨ ਹੈ। ਸ. ਸੇਖਾ ਹੁਣ ਤੱਕ ਦੋ ਕਹਾਣੀ ਸੰਗ੍ਰਹਿ ਅਤੇ ਚਾਰ ਨਾਵਲ ਪੰਜਾਬੀ ਸਾਹਿਤ ਨੂੰ ਦੇ ਚੁੱਕੇ ਹਨ। ਇਹ ਉਹਨਾਂ ਦਾ ਪੰਜਵਾਂ ਨਾਵਲ ਹੈ। ਉਨ੍ਹਾਂ ਦਾ ਇੱਕ ਸਫਰਨਾਮਾ 'ਦੁੱਲੇ ਦੀ ਢਾਬ' ਵੀ ਛਪ ਚੁੱਕਿਆ ਹੈ ਅਤੇ 'ਕੰਡਿਆਰੇ ਪੰਧ' ਉਨ੍ਹਾਂ ਦੀ ਸਵੈ-ਜੀਵਨੀ ਦੀ ਵੱਡ ਅਕਾਰੀ ਪੁਸਤਕ ਹੈ। ਉਹਨਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਹਿੰਦੀ ਵਿੱਚ ਵੀ ਛਪ ਚੁੱਕੀਆਂ ਹਨ। ਮੋਹਨ ਗਿੱਲ ਨੇ ਡਾ. ਗੁਰਮਿੰਦਰ ਸਿੱਧੂ ਵੱਲੋਂ ਇਸ ਨਾਵਲ ਲਈ ਭੇਜਿਆ ਕਾਵਿਕ ਸੁਨੇਹਾ ਵੀ ਪੜ੍ਹਿਆ। ਨਾਵਲ ਉੱਪਰ ਪਹਿਲਾ ਪਰਚਾ ਡਾ. ਹਰਜੋਤ ਕੌਰ ਖਹਿਰਾ ਨੇ ਪੇਸ਼ ਕੀਤਾ। ਉਹਨਾਂ ਆਪਣੇ ਪਰਚੇ ਵਿੱਚ ਕਿਹਾ ਕਿ ਇਹ ਨਾਵਲ ਸਾਰੇ ਦਾ ਸਾਰਾ ਬਹੁਤ ਸਾਰੇ ਘਟਨਾਕ੍ਰਮ ਦੇ ਰਾਹੀਂ ਰਾਜਨੀਤਿਕ ਅਤੇ ਇਤਿਹਾਸਿਕ ਪੜਾਵਾਂ ਵਿੱਚੋਂ ਗੁਜ਼ਰਦਾ ਹੋਇਆ ਵਰਤਮਾਨ ਸਮੇਂ ਵਿੱਚ ਸ਼ਾਮਿਲ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਇਸ ਨਾਵਲ ਦਾ ਬਿਰਤਾਂਤ 1965 ਤੋਂ ਸ਼ੁਰੂ ਹੁੰਦਾ ਹੈ ਅਤੇ ਏਨੇ ਲੰਮੇਂ ਅਰਸੇ ਦੌਰਾਨ ਦੀਆਂ ਚਾਰ ਪੀੜ੍ਹੀਆਂ ਦੀ ਦਾਸਤਾਨ, ਇਸ ਸਮੇਂ ਦੇ ਸਮਾਜਿਕ, ਪਰਿਵਾਰਕ ਹਾਲਾਤ ਦੀ ਬਹੁਤ ਸਹੀ ਜਾਣਕਾਰੀ ਦੇਣ ਵਿਚ ਨਾਵਲਕਾਰ ਸਫਲ ਰਿਹਾ ਹੈ। ਜਰਨੈਲ ਸਿੰਘ ਸੇਖਾ ਨੇ ਇਸ ਨਾਵਲ ਵਿੱਚ ਨਾਰੀਵਾਦ ਦੇ ਰਵਾਇਤੀ ਪੱਖ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾਰੀਵਾਦ ਦੇ ਅਸਲੀ ਪੱਖ ਨੂੰ ਉਨਾਂ ਨੇ ਪੇਸ਼ ਕੀਤਾ ਹੈ।

ਦੂਜਾ ਪਰਚਾ ਪ੍ਰੋ. ਹਰਿੰਦਰ ਕੌਰ ਸੋਹੀ ਵੱਲੋਂ ਪੜ੍ਹਿਆ ਗਿਆ। ਮੈਡਮ ਸੋਹੀ ਨੇ ਨਾਵਲ ਦੇ ਵਿਸ਼ਾ ਪੱਖ ਅਤੇ ਕਲਾ ਪੱਖ ਦੀ ਗੱਲ ਕੀਤੀ। ਉਹਨਾਂ ਕਿਹਾ ਕਿ ਇਸ ਨਾਵਲ ਵਿੱਚ ਨਿਰੋਲ ਮਲਵਈ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਅਤੇ ਬਹੁਤ ਸਾਰੇ ਸ਼ਬਦ ਜੋ ਸਾਥੋਂ ਗਵਾਚ ਰਹੇ ਨੇ ਸ. ਸੇਖਾ ਨੇ ਇਸ ਨਾਵਲ ਰਾਹੀਂ ਉਨ੍ਹਾਂ ਨੂੰ ਸਾਂਭਣ ਦਾ ਸਾਰਥਿਕ ਕਾਰਜ ਕੀਤਾ ਹੈ। ਇਸ ਨਾਵਲ ਦੀ ਗੋਂਦ ਬੜੀ ਗੁੰਦਵੀਂ ਹੈ। ਤਕਰੀਬਨ ਪੰਜ ਛੇ ਦਹਾਕਿਆਂ ਦੀਆਂ ਘਟਨਾਵਾਂ ਨੂੰ ਬਹੁਤ ਹੀ ਸੁਲਝੇ ਤੇ ਵਧੀਆ ਢੰਗ ਨਾਲ ਕੜੀਆਂ ਵਿਚ ਪਰੋਇਆ ਗਿਆ ਜਿਨ੍ਹਾਂ ਨਾਲ ਪਾਠਕ ਦੀ ਉਤਸੁਕਤਾ ਨੂੰ ਨਾਵਲ ਅਖੀਰ ਬਣੀ ਰਹਿੰਦੀ ਹੈ। ਨਾਵਲ ਵਿੱਚ ਵਾਤਾਵਰਨ ਤੇ ਦ੍ਰਿਸ਼ ਚਿੱਤਰ ਵੀ ਬੜਾ ਸੋਹਣਾ ਚਿਤਰਿਆ ਗਿਆ ਹੈ। ਰਾਜਵੰਤ ਰਾਜ ਨੇ ਆਪਣੇ ਸੰਖੇਪ ਪਰਚੇ ਵਿੱਚ ਕਿਹਾ ਕਿ 'ਨਾਬਰ' ਨਾਵਲ ਦੇ ਵਿੱਚ ਵੱਡਾ ਸਨੇਹਾ ਇਹ ਦਿੱਤਾ ਗਿਆ ਹੈ ਕਿ ਔਰਤ ਅਤੇ ਮਰਦ ਇੱਕ ਦੂਜੇ ਦੇ ਪੂਰਕ ਹਨ, ਕਿਸੇ ਨੂੰ ਵੀ ਕਿਸੇ ਉੱਤੇ ਜ਼ੁਲਮ ਕਰਨ ਦਾ ਹੱਕ ਨਹੀਂ ਹੈ। ਇਹ ਨਾਵਲ ਨਾ-ਬਰਾਬਰੀ ਵਾਲੀ ਪਹੁੰਚ ਨੂੰ ਰੱਦ ਕਰਕੇ ਬਰਾਬਰੀ ਵਾਲੀ ਪਹੁੰਚ ਦੀ ਹਾਮੀ ਭਰਦਾ ਹੈ।ਪੱਤਰਕਾਰ ਅਤੇ ਸਾਹਿਤਕਾਰ ਬਖਸ਼ਿੰਦਰ ਨੇ ਕਿਹਾ ਕਿ ਨਾਵਲਕਾਰ ਪਹਿਲੋਂ ਸੰਵਾਦ ਤੋਂ ਹੀ ਇਹ ਦੱਸਣ ਦਾ ਆਹਰ ਕਰਦਾ ਦਿਸਣ ਲੱਗ ਪੈਂਦਾ ਹੈ ਕਿ ਉਸ ਦਾ ਵਿਸ਼ਾ ਮਰਦ ਔਰਤ ਵਿਚਲੀ ਅਸਮਾਨਤਾ ਹੀ ਹੈ। ਨਾਵਲਕਾਰ ਦੇ ਲੇਖਕੀ ਅਮਲ ਦਾ ਇ ਵੱਡਾ ਨੁਕਸ ਹੈ। ਉਹਨਾਂ ਨਾਵਲ ਵਿੱਚ ਕਈ ਥਾਈਂ ਦੋਹਰਾਏ ਗਏ ਸੰਵਾਦ ਉੱਪਰ ਵੀ ਉਂਗਲ ਉਠਾਈ।ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਨੇ ਨਾਵਲ ਦੇ ਅੰਤ ਉੱਤੇ ਨਾਵਲਕਾਰ ਵੱਲੋਂ ਕਾਹਲੀ ਕਰਨ ਦੀ ਗੱਲ ਕਹੀ ਅਤੇ 10- 15 ਸਫੇ ਹੋਰ ਦੇ ਕੇ ਪਾਤਰਾਂ ਦੇ ਦਵੰਦ ਨੂੰ ਪੇਸ਼ ਕੀਤਾ ਜਾਂਦਾ ਤਾਂ ਨਾਵਲ ਹੋਰ ਵੀ ਵਧੀਆ ਬਣ ਸਕਦਾ ਸੀ।ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਕਿਹਾ ਕਿ 90 ਸਾਲਾਂ ਦੀ ਜ਼ਿੰਦਗੀ ਦੌਰਾਨ ਵੱਖ ਵੱਖ ਪੜਾਅ ਹੰਢਾਅਚੁੱਕੇ ਜਰਨੈਲ ਸਿੰਘ ਸੇਖਾ ਨੇ ਇਸ ਨਾਵਲ ਰਾਹੀ ਜਗੀਰੂਵਾਦ, ਪੂੰਜੀਵਾਦ ਅਤੇ ਵਿਅਕਤੀਵਾਦ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ।




ਨਾਵਲ ਉੱਪਰ ਹੋਰਨਾਂ ਤੋਂ ਇਲਾਵਾ ਸੁਰਜੀਤ ਕੌਰ ਕਲਸੀ, ਗੁਰਮੀਤ ਸਿੰਘ ਸਿੱਧੂ, ਗੁਰਦਰਸ਼ਨ ਸਿੰਘ ਬਾਦਲ, ਇੰਦਰਜੀਤ ਸਿੰਘ ਧਾਮੀ, ਸੁਰਿੰਦਰ ਚਾਹਲ, ਅਮਰੀਕ ਪਲਾਹੀ, ਮੀਨੂ ਬਾਵਾ, ਅਸ਼ੋਕ ਭਾਰਗਵ, ਜਸਬੀਰ ਕੌਰ ਮਾਨ, ਦਰਸ਼ਨ ਸੰਘਾ ਅਤੇ ਬਿੰਦੂ ਮਠਾੜੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿੱਚ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਵਿਚਾਰ ਚਰਚਾ ਵਿੱਚ ਸ਼ਾਮਿਲ ਸਭਨਾਂ ਵਿਦਵਾਨਾਂ ਲੇਖਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਵਿਦਵਾਨਾਂ ਵੱਲੋਂ ਮਿਲੇ ਸੁਝਾਵਾਂ ਉੱਪਰ ਉਹ ਜ਼ਰੂਰ ਗੌਰ ਕਰਨਗੇ। ਸਮੁੱਚੇ ਸਮਾਗਮ ਦਾ ਸੰਚਾਲਨ ਮੋਹਨ ਗਿੱਲ ਅਤੇ ਅੰਗਰੇਜ਼ ਬਰਾੜ ਨੇ ਬਾਖੂਬੀ ਕੀਤਾ। ਵਿਚਾਰ ਚਰਚਾ ਤੋਂ ਪਹਿਲਾਂ ਨਾਵਲ ਰਿਲੀਜ਼ ਕਰਨ ਦੀ ਰਸਮ ਡਾ. ਹਰਜੋਤ ਕੌਰ ਖਹਿਰਾ, ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਮੰਚ ਤੇ ਸੇਖਾ ਪਰਿਵਾਰ ਦੇ ਮੈਂਬਰਾਂ ਨੇ ਅਦਾ ਕੀਤੀ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ
ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ
ਅਤੇ ਬਚਿਆਂ ਨਾਲ ਕੀਮਤੀ
ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
TRANSource FREIGHTWAYS
Fuel and Insurance Paid
by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਕਨੇਡਾ ਦੇ ਸ਼ਹਿਰ ਸਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਵਿਖੇ ਸਲਾਨਾ ਹੋਲਾ ਮੁਹੱਲਾ 2024 ਦਾ ਸਮਾਗਮ ਸ਼ਾਨੋ ਸ਼ੌਕਤ ਨਾਲ ਸੰਪੰਨ ।

17 ਮਾਰਚ 2024 ਸਰੀ ਕਨੇਡਾ - ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਮ ਰੰਗਾਂ ਦੀ ਹੋਲੀ ਖੇਡਣ ਦੀ ਥਾਂ ਤੇ ਖਾਲਸਾ ਪੰਥ ਅੰਦਰ ਚੜ੍ਹਦੀ ਕਲਾ ਦਾ ਸੰਚਾਰ ਕਰਨ ਲਈ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਹੋਲਾ ਮਹੱਲਾ ਮਨਾਉਣਾ ਸ਼ੁਰੂ ਕੀਤਾ । ਇਸ ਵਿੱਚ ਦੋ ਦਲ ਬਣਾ ਕੇ ਪਾਤਸ਼ਾਹ ਜੀ ਆਪਣੇ ਸਿੱਖਾਂ ਨੂੰ ਜੰਗੀ ਪੈਂਤੜੇ ਸਿਖਾਉਂਦੇ ਅਤੇ ਦੋਹਾਂ ਦਲਾਂ ਦੇ ਸੂਰਮਿਆਂ ਨੂੰ ਮਾਣ ਸਨਮਾਨ ਦੇਂਦੇ । ਕਲਗੀਧਰ ਪਾਤਸ਼ਾਹ ਵੱਲੋਂ ਚਲਾਈ ਗਈ ਮਹਾਨ ਪ੍ਰੰਪਰਾ ਤੇ ਪਹਿਰਾ ਦੇਂਦੇ ਹਰ ਸਾਲ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ ਮੁਹੱਲਾ ਕੱਢਿਆ ਜਾਂਦਾ ਹੈ । ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਪੰਜ ਸਿੰਘ ਸਾਹਿਬਾਨ ਅਤੇ ਬਾਣੇ ਵਿੱਚ ਵਿੱਚ ਸਜੀਆਂ ਵੱਡੀ ਗਿਣਤੀ ਵਿੱਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਗਮ ਸ਼ੁਰੂ ਹੋਇਆ ਤੇ ਮੁਹੱਲਾ ਕੱਢਿਆ ਗਿਆ । ਮੁਹੱਲੇ ਦੀ ਅਗਵਾਈ ਪੰਜ ਸਿੰਘ ਸਾਹਿਬਾਨ ਕਰ ਰਹੇ ਸਨ ਤੇ ਉਹਨਾਂ ਮਗਰ ਘੋੜਿਆਂ ਤੇ ਸਵਾਰ ਗੁਰੂ ਕੀਆਂ ਲਾਡਲੀਆਂ ਫੌਜਾਂ ਸੋਭਾ ਪਾ ਰਹੀਆਂ ਸਨ ਤੇ ਪਿੱਛੇ ਪਿੱਛੇ ਗੁਰੂ ਕੀਆਂ ਸੰਗਤਾਂ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਦੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਸ਼ਹੀਦੀ ਅਸਥਾਨ ਤੇ ਪੁੱਜ ਕੇ ਨਮਸਕਾਰ ਕਰਨ ਉਪਰੰਤ ਸਾਰਾ ਜਲੋ ਭਾਈ ਨਿੱਝਰ ਯਾਦਗਾਰੀ ਬਿਲਡਿੰਗ ਮੂਹਰੇ ਪੁੱਜਾ ਅਤੇ ਜਿਹੜੀ ਬਿਲਡਿੰਗ ਭਾਈ ਨਿੱਝਰ ਨੇ ਕੇਵਲ ਇੱਕ ਸਾਲ ਵਿੱਚ ਤਿਆਰ ਕਰਵਾਈ ਸੀ ਉਸ ਬਿਲਡਿੰਗ ਦਾ ਨਾਮਕਰਨ ਉਦਘਾਟਨ ਪੰਜ ਸਿੰਘ ਸਾਹਿਬਾਨ ਵੱਲੋਂ ਸ਼ਹੀਦ ਦੇ ਸਤਿਕਾਰਯੋਗ ਪਿਤਾ ਜੀ ਅਤੇ ਭੁਚੰਗੀਆਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ਦੀ ਹਾਜ਼ਰੀ ਵਿੱਚ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਕੀਤਾ ਗਿਆ । ਗੁਰਦੁਆਰਾ ਸਾਹਿਬ ਦੇ ਅਕਾਲ ਖ਼ਾਲਸਾ ਗਤਕਾ ਅਖਾੜਾ ਅਤੇ ਮਾਤਾ ਸਾਹਿਬ ਕੌਰ ਗਤਕਾ ਦੇ ਉਸਤਾਦ ਭਾਈ ਜਗਜੀਤ ਸਿੰਘ ਤੇ ਮਿਲਨਜੀਤ ਕੌਰ ਵੱਲੋਂ ਸਿਖਾਏ ਕਨੇਡਾ ਦੇ ਜੰਮਪਲ ਬੱਚੇ ਬੱਚੀਆਂ ਵੱਲੋਂ ਨੀਲੇ ਬਾਣੇ ਪਹਿਨਕੇ ਸ਼ਾਸਤਰਾਂ ਦੇ ਜੌਹਰ ਪ੍ਰਦਰਸ਼ਨ ਸੰਗਤਾਂ ਸਾਹਮਣੇ ਪੇਸ਼ ਕੀਤੇ ਗਏ ਅਤੇ ਵੱਖ ਵੱਖ ਉਮਰ ਵਰਗ ਦੇ ਮੁਕਾਬਲੇ ਕਰਵਾਏ ਗਏ ਤੇ ਜੇਤੂ ਬੱਚਿਆਂ ਨੂੰ ਟੀ ਸ਼ਰਟਾਂ ਇਨਾਮ ਵਜੋਂ ਦਿੱਤੀਆਂ ਗਈਆਂ । ਵੱਡੀ ਗਿਣਤੀ ਵਿੱਚ ਸ਼ਾਮਿਲ ਸੰਗਤਾਂ ਲਈ ਵੱਡੇ ਸਮਾਗਮਾਂ ਵਿੱਚ ਲੰਗਰਾਂ ਦੀ ਸੇਵਾ ਨਿਭਾਉਣ ਵਾਲੇ ਨਿਉਯਾਰਕ ਪੇਂਟ ਵਾਲੇ ਭਾਈ ਸਰਾਏ , ਅਨਮੋਲ ਸਵੀਟ ਦੇ ਭਾਈ ਸਹੋਤਾ ਤੇ ਭਾਈ ਟੁੱਟ ਦੇ ਪਰਿਵਾਰਾਂ ਵੱਲੋਂ ਆਈਆਂ ਹੋਈਆਂ ਸੰਗਤਾਂ ਵਾਸਤੇ ਖ਼ਾਸ ਪਕਵਾਨ ਤਿਆਰ ਕਰਕੇ ਸੰਗਤਾਂ ਨੂੰ ਛਕਾਏ ਗਏ ਤੇ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਵੱਲੋਂ ਸਾਰਾ ਦਿਨ ਰਗੜੇ ਦੇ ਗੱਫੇ ਖੁੱਲੇ ਰੂਪ ਵਿੱਚ ਵਰਤਾਏ ਗਏ ਸਾਰਾ ਦਿਨ ਖਾਲਸਾਈ ਜਾਹੋ-ਜਲਾਲ ਵਿੱਚ ਖ਼ਾਲਸਾਈ ਬੋਲੇ ਤੇ ਸ਼ੇਅਰੋ ਸ਼ੇਅਰੀ ਚੱਲਦੀ ਰਹੀ ਤੇ ਸੰਗਤਾਂ ਅਨੰਦ ਮਾਣਦੀਆਂ ਰਹੀਆਂ ਸਾਉਂਡ ਸਿਸਟਮ ਦੀ ਸੇਵਾ ਗੁਰੂ ਘਰ ਦੀ ਟਿਕਟੀਮ ਤੇ ਮਨੇਜਰ ਸਾਬ ਵੱਲੋਂ ਨਿਭਾਈ ਗਈ ਫੋਟੋਗ੍ਰਾਫੀ ਦੀ ਸੇਵਾ ਭਾਈ ਹਰਜੀਤ ਸਿੰਘ ਅਤੇ ਭਾਈ ਨਰਿੰਦਰ ਸਿੰਘ ਵੱਲੋਂ ਨਿਭਾਈ ਗਈ ਸਟੇਜ ਸੰਚਾਲਨ ਦੀ ਸੇਵਾ ਗੁਰੂ ਘਰ ਦੇ ਸਿਕਟਰੀਆਂ ਵੱਲੋਂ ਮਿਲ ਕੇ ਨਿਭਾਈ ਗਈ ਅਤੇ ਸਮੂਹ ਸੰਗਤਾਂ ਦਾ ਸਮਾਗਮਾਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਤੇ ਧੰਨਵਾਦ ਕੀਤਾ ਗਿਆ । (ਗੁਰਮੀਤ ਸਿੰਘ ਤੂਰ)
















# ਯੂਕਰੇਨ ਜੰਗ ਦੇ ਖ਼ਾਤਮੇ ਲਈ ਕੂਟਨੀਤੀ ਹੀ ਇਕੋ ਇਕ ਰਾਹ-ਮੋਦੀ

## ਰੂਸ ਤੇ ਯੂਕਰੇਨ ਦੇ ਰਾਸ਼ਟਰਪਤੀਆਂ ਨਾਲ ਫੋਨ 'ਤੇ ਕੀਤੀ ਗੱਲਬਾਤ; ਪੂਤਿਨ ਦੇ ਪੰਜਵੀਂ ਵਾਰ ਰੂਸ ਦਾ ਰਾਸ਼ਟਰਪਤੀ ਬਣਨ 'ਤੇ ਦਿੱਤੀ ਵਧਾਈ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਫੋਨ 'ਤੇ ਗੱਲਬਾਤ ਕਰਕੇ ਉਨ੍ਹਾਂ ਨੂੰ ਪੰਜਵੇਂ ਕਾਰਜਕਾਲ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਵਾਰਤਾ ਅਤੇ ਕੂਟਨੀਤੀ ਹੀ ਰੂਸ-ਯੂਕਰੇਨ ਜੰਗ ਸੁਲਝਾਉਣ ਦਾ ਇਕੋ-ਇਕ ਰਾਹ ਹੈ। ਮੋਦੀ ਨੇ ਰੂਸੀ ਆਗੂ ਦੇ ਰਾਸ਼ਟਰਪਤੀ ਚੋਣਾਂ 'ਚ ਹੂੰਝਾ ਫੇਰੂ ਜਿੱਤ ਹਾਸਲ ਕਰਨ ਦੇ ਦੋ ਦਿਨਾਂ ਬਾਅਦ ਪੂਤਿਨ ਨੂੰ ਫੋਨ ਕੀਤਾ ਹੈ। ਇਸ ਮਗਰੋਂ ਮੋਦੀ ਨੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨਾਲ ਵੀ ਫੋਨ 'ਤੇ ਗੱਲਬਾਤ ਕੀਤੀ। ਦੋਵੇਂ ਆਗੂਆਂ ਨੇ ਮੋਦੀ ਨੂੰ ਰੂਸ ਅਤੇ ਯੂਕਰੇਨ ਆਉਣ ਦਾ ਸੱਦਾ ਦਿੱਤਾ ਜ਼ਿਕਰਯੋਗ ਹੈ ਕਿ ਅਮਰੀਕਾ ਅਤੇ ਉਸ ਦੇ ਭਾਈਵਾਲਾਂ ਨੇ ਪੂਤਿਨ ਦੀ ਜਿੱਤ 'ਤੇ ਸਵਾਲ ਖੜ੍ਹੇ ਕੀਤੇ ਹਨ। ਮੋਦੀ ਨੇ 'ਐਕਸ' 'ਤੇ ਕਿਹਾ, "ਰਾਸ਼ਟਰਪਤੀ ਪੂਤਿਨ ਨਾਲ ਗੱਲ ਕੀਤੀ ਅਤੇ ਰੂਸੀ ਫੈਡਰੇਸ਼ਨ ਦੇ ਰਾਸ਼ਟਰਪਤੀ ਵਜੋਂ ਉਨ੍ਹਾਂ ਦੇ ਮੁੜ ਤੋਂ ਚੁਣੇ ਜਾਣ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ। ਅਸੀਂ ਆਉਣ ਵਾਲੇ ਸਾਲਾਂ 'ਚ ਭਾਰਤ-ਰੂਸ ਵਿਸ਼ੇਸ਼ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਰਲ ਕੇ ਕੰਮ ਕਰਨ 'ਤੇ ਸਹਿਮਤ ਹੋਏ।" ਗੱਲਬਾਤ ਬਾਰੇ ਕ੍ਰੈਮਲਿਨ ਵੱਲੋਂ ਜਾਰੀ ਇਕ ਬਿਆਨ ਮੁਤਾਬਕ ਪੂਤਿਨ ਨੇ ਭਾਰਤ 'ਚ ਆਉਂਦੀਆਂ ਸੰਸਦੀ ਚੋਣਾਂ ਦੀ ਸਫ਼ਲਤਾ ਲਈ ਮੋਦੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਮੋਦੀ ਉਨ੍ਹਾਂ ਕੁਝ ਕੌਮਾਂਤਰੀ ਆਗੂਆਂ 'ਚ ਸ਼ੁਮਾਰ ਹਨ ਜਿਨ੍ਹਾਂ ਪੂਤਿਨ ਨੂੰ ਚੋਣਾਂ 'ਚ ਜਿੱਤ 'ਤੇ ਵਧਾਈ ਦਿੱਤੀ ਹੈ। ਵਿਦੇਸ਼ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਟੈਲੀਫੋਨ 'ਤੇ ਹੋਈ ਗੱਲਬਾਤ 'ਚ ਮੋਦੀ ਅਤੇ ਪੂਤਿਨ ਨੇ ਦੁਵੱਲੇ ਸਹਿਯੋਗ 'ਚ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਖੇਤਰੀ ਤੇ ਆਲਮੀ ਮੁੱਦਿਆਂ ਬਾਰੇ ਵਿਚਾਰ ਪ੍ਰਗਟ ਕੀਤੇ। ਬਿਆਨ ਮੁਤਾਬਕ ਰੂਸ-ਯੂਕਰੇਨ ਜੰਗ ਬਾਰੇ ਚਰਚਾ ਕਰਦਿਆਂ ਮੋਦੀ ਨੇ ਭਾਰਤ ਵੱਲੋਂ ਮੁੜ ਵਾਰਤਾ ਅਤੇ ਕੂਟਨੀਤੀ ਦੀ ਵਕਾਲਤ ਕੀਤੀ। ਇਸ ਦੇ ਨਾਲ ਦੋਵੇਂ ਆਗੂ ਇਕ-ਦੂਜੇ ਦੇ ਸੰਪਰਕ 'ਚ ਰਹਿਣ ਲਈ ਵੀ ਰਾਜ਼ੀ ਹੋਏ। ਪੂਤਿਨ ਦੇ ਮੁੜ ਤੋਂ ਰਾਸ਼ਟਰਪਤੀ ਚੁਣੇ ਜਾਣ 'ਤੇ ਵਧਾਈ ਦਿੰਦਿਆਂ ਮੋਦੀ ਨੇ ਰੂਸ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਦੀ ਕਾਮਨਾ ਕੀਤੀ। ਕ੍ਰੈਮਲਿਨ ਦੇ ਬਿਆਨ ਮੁਤਾਬਕ ਦੋਵੇਂ ਮੁਲਕਾਂ ਨੇ ਸੰਤੁਸ਼ਟੀ ਜ਼ਾਹਰ ਕੀਤੀ ਕਿ ਵਪਾਰ, ਆਰਥਿਕ ਅਤੇ ਨਿਵੇਸ਼ ਦੇ ਨਾਲ ਹੀ ਊਰਜਾ ਤੇ ਟਰਾਂਸਪੋਰਟ ਦੇ ਖੇਤਰਾਂ 'ਚ ਦੁਵੱਲੇ ਸਬੰਧ ਮਜ਼ਬੂਤੀ ਨਾਲ ਅਗਾਂਹ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਕੌਮਾਂਤਰੀ ਏਜੰਡੇ ਖਾਸ ਕਰਕੇ ਯੂਕਰੇਨ ਦੇ ਹਾਲਾਤ ਸਮੇਤ ਹੋਰ ਕਈ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ ਕੀਤਾ ਗਿਆ। ਸ਼ੰਘਾਈ ਸਹਿਯੋਗ ਸੰਗਠਨ ਅਤੇ ਬ੍ਰਿਕਸ ਸਮੇਤ ਬਹੁਧਿਰੀ ਸਰੂਪਾਂ 'ਚ ਰੂਸ ਅਤੇ ਭਾਰਤ ਵਿਚਕਾਰ ਤਾਲਮੇਲ ਵਧਾਉਣ ਦੀਆਂ ਕੋਸ਼ਿਸ਼ਾਂ ਦਾ ਵੀ ਜ਼ਿਕਰ ਕੀਤਾ ਗਿਆ। ਕ੍ਰੈਮਲਿਨ ਨੇ ਕਿਹਾ ਕਿ ਦੋਵੇਂ ਆਗੂਆਂ ਵਿਚਕਾਰ ਗੱਲਬਾਤ ਨਿੱਘੇ ਅਤੇ ਦੋਸਤਾਨਾ ਢੰਗ ਨਾਲ ਹੋਈ।



### 'ਯੂਕਰੇਨ ਜੰਗ ਦੇ ਫੌਰੀ ਅਤੇ ਸ਼ਾਂਤਮਈ ਹੱਲ ਦੀਆਂ ਕੋਸ਼ਿਸ਼ਾਂ ਦੀ ਭਾਰਤ ਕਰਦੈ ਹਮਾਇਤ'

ਨਵੀਂ ਦਿੱਲੀ: ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਗੱਲਬਾਤ ਮਗਰੋਂ ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੂੰ ਕੀਤੇ ਗਏ ਫੋਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਰੂਸ-ਯੂਕਰੇਨ ਜੰਗ ਦੇ ਛੇਤੀ ਅਤੇ ਸ਼ਾਂਤਮਈ ਹੱਲ ਦੀਆਂ ਕੋਸ਼ਿਸ਼ਾਂ ਦੀ ਭਾਰਤ ਹਮਾਇਤ ਕਰਦਾ ਹੈ। ਜ਼ੇਲੈਂਸਕੀ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਮੋਦੀ ਨੇ ਕਿਹਾ ਕਿ ਭਾਰਤ, ਯੂਕਰੇਨ ਨੂੰ ਮਾਨਵੀ ਸਹਾਇਤਾ ਪ੍ਰਦਾਨ ਕਰਨਾ ਜਾਰੀ ਰਖੇਗਾ। ਮੋਦੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ, "ਰਾਸ਼ਟਰਪਤੀ ਜ਼ੇਲੈਂਸਕੀ ਨਾਲ ਭਾਰਤ-ਯੂਕਰੇਨ ਭਾਈਵਾਲੀ ਨੂੰ ਮਜ਼ਬੂਤ ਕਰਨ ਬਾਰੇ ਵਧੀਆ ਗੱਲਬਾਤ ਹੋਈ। ਸ਼ਾਂਤੀ ਦੀਆਂ ਸਾਰੀਆਂ ਕੋਸ਼ਿਸ਼ਾਂ ਅਤੇ ਜੰਗ ਨੂੰ ਫੌਰੀ ਖ਼ਤਮ ਕਰਨ ਲਈ ਭਾਰਤ ਦੀ ਲਗਾਤਾਰ ਹਮਾਇਤ ਤੋਂ ਉਨ੍ਹਾਂ ਨੂੰ ਜਾਣੂ ਕਰਵਾਇਆ। ਭਾਰਤ ਆਪਣੀ ਜਨ ਕੇਂਦਰਿਤ ਪਹੁੰਚ ਰਾਹੀਂ ਮਾਨਵੀ ਸਹਾਇਤਾ ਦੇਣਾ ਜਾਰੀ ਰਖੇਗਾ।" ਇਕ ਬਿਆਨ 'ਚ ਕਿਹਾ ਗਿਆ ਕਿ ਜ਼ੇਲੈਂਸਕੀ ਨੇ ਭਾਰਤ ਵੱਲੋਂ ਯੂਕਰੇਨ ਦੇ ਲੋਕਾਂ ਨੂੰ ਦਿੱਤੀ ਜਾ ਰਹੀ ਮਾਨਵੀ ਸਹਾਇਤਾ ਜਾਰੀ ਰੱਖਣ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ।

OASIS WINDOWS INC.
OASIS WINDOWS
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES


"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

ਬੀ.ਸੀ. ਦਾ ਸਪੈਕਿਊਲੇਸ਼ਨ ਅਤੇ ਵੇਕੈਂਸੀ ਟੈਕਸ

ਬੀ.ਸੀ. ਦੇ 99% ਤੋਂ ਵੱਧ ਵਸਨੀਕਾਂ ਨੂੰ ਛੋਟ ਹੈ

ਪਰ ਤੁਹਾਡੇ ਲਈ ਫਿਰ ਵੀ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ।

ਬੀ.ਸੀ. ਦਾ 'ਸਪੈਕਿਊਲੇਸ਼ਨ ਅਤੇ ਵੇਕੈਂਸੀ ਟੈਕਸ' (ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ) ਘੋਸ਼ਿਤ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ। ਭਾਂਵੇ ਨਿਰਧਾਰਤ ਖੇਤਰਾਂ ਵਿੱਚ ਸਾਰੇ ਮਕਾਨ ਮਾਲਕਾਂ ਲਈ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਦੇ 99% ਤੋਂ ਵਧੇਰੇ ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਤੋਂ ਰਾਹਤ ਹੈ। ਇਹ ਟੈਕਸ ਕਿਫ਼ਾਇਤੀ ਰਿਹਾਇਸ਼ੀ ਪਹਿਲਕਦਮੀਆਂ ਨੂੰ ਫੰਡ ਕਰਨ ਵਿੱਚ ਮਦਦ ਕਰਦਾ ਹੈ ਅਤੇ ਬੀ.ਸੀ. ਵਿੱਚ ਰਹਿੰਦੇ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਖਾਲੀ ਘਰਾਂ ਨੂੰ ਰਿਹਾਇਸ਼ਾਂ ਵਿੱਚ ਬਦਲਦਾ ਹੈ। 'ਹੋਮਜ਼ ਫੌਰ ਬੀ ਸੀ' ਯੋਜਨਾ ਦੇ ਤਹਿਤ ਬੀ.ਸੀ. ਭਰ ਵਿੱਚ 77,000 ਕਿਫ਼ਾਇਤੀ ਘਰ ਮੁਕੰਮਲ ਹੋ ਗਏ ਹਨ ਜਾਂ ਉਸਾਰੀ ਅਧੀਨ ਹਨ।

31 ਮਾਰਚ, 2024 ਤੱਕ gov.bc.ca/spectax 'ਤੇ ਜਾਂ 1-833-554-2323 ਟੋਲ ਫ੍ਰੀ 'ਤੇ ਫ਼ੋਨ ਕਰਕੇ ਘੋਸ਼ਿਤ ਕਰੋ




ਰਿਹਾਇਸ਼ਾਂ ਨੂੰ ਵਧੇਰੇ ਕਿਫ਼ਾਇਤੀ ਬਣਾਉਣਾ
BRITISH COLUMBIA


# FOR RENT




***Office/Warehouse***
***Corner Unit***
*around 500-2900*
*Square feet*
*available now for Rent*
*on a busy road.*
*Building includes office*
*rooms, three washrooms*
*and a kitchen.*




**Unit 101, 13463,**
**78 Avenue, Surrey,**
**Opposite ICBC Motor**
**Vehicle office**
















**For more information and inquiries call:**

## 604-767-5194



ਕਹਾਣੀ

# ਇਕ ਰਿਸ਼ਤੇ ਦੀ ਮੌਤ

**ਤਰਸੇਮ ਸਿਘ 'ਭੰਗੂ'**

ਉਹਨੀਂ ਦਿਨੀਂ ਗੁਰਪਾਲ ਬੀ.ਏ.ਦੇ ਦੂਜੇ ਸਾਲ ਵਿਚ ਪੜ੍ਹਦਾ ਸੀ। ਕਾਲਜ ਵਿਚ ਕਦੋਂ ਹੜਤਾਲ ਹੋ ਜਾਣੀ ਹੈ ਕੋਈ ਪਤਾ ਨਾ ਲੱਗਦਾ। ਉਹ ਵਿੱਚੇ-ਵਿੱਚ ਖਿੱਝ ਕੇ ਰਹਿ ਜਾਂਦਾ, "ਆਉਂਦੇ ਪੜ੍ਹਨ ਐ ਤੇ ਹੜਤਾਲ ਕਰਕੇ ਬੈਠ ਜਾਂਦੇ ਨੇ। " ਉਸ ਦਿਨ ਵੀ ਹੜਤਾਲ ਹੋਣ ਮਗਰੋਂ ਜਲਦੀ ਮੁੜਨ ਦੇ ਬਾਵਜੂਦ ਉਸਨੂੰ ਆਪਣੇ ਪਿੰਡ ਨੂੰ ਲੱਗਦੇ ਬੱਸ ਅੱਡੇ'ਚ ਉੱਤਰਨ ਤੱਕ ਤਿੱਖੜ ਦੁਪਹਿਰਾ ਸੀ। ਧੁੱਪ ਐਨੀ ਸੀ ਕਿ ਕਾਂ ਦੀ ਅੱਖ ਨਿਕਲ ਰਹੀ ਸੀ। ਉਹ ਹੌਲੀ-ਹੌਲੀ ਤੁਰਦਾ ਉਸ ਜਗ੍ਹਾ ਆ ਪਹੁੰਚਾ,ਜਿੱਥੇ ਉਸਦੇ ਪਹਿਲੇ ਪਿਆਰ ਦਾ ਅੰਕੁਰ ਫੁੱਟਿਆ ਸੀ। ਪਿਆਰ ਦੇ ਭਰਪੂਰ ਪਾਣੀ ਨਾਲ ਸਿੰਜਣ ਦੇ ਬਾਵਜੂਦ ਵੀ ਫੁੱਲ ਪੈਣ ਤੋਂ ਪਹਿਲਾਂ ਹੀ ਸੁੱਕ ਗਿਆ।

ਇਹ ਉਸਦੇ ਪਿੰਡੋਂ ਲਹਿੰਦੇ ਪਾਸੇ ਰਲੇ-ਮਿਲੇ ਦਰੱਖਤਾਂ ਦਾ ਇਕ ਝੁੰਡ ਹੈ,ਜਿਸਨੂੰ ਲੋਕ ਤਕੀਆ ਵੀ ਆਖਦੇ ਹਨ। ਇਨ੍ਹਾਂ ਸੰਘਣੇ ਦਰੱਖਤਾਂ ਦੇ ਥੱਲੇ ਚਿੱਟੇ ਸੰਗਮਰ-ਮਰ ਦੀਆਂ ਬਣੀਆਂ ਮੁਸਲਮਾਨ ਫ਼ਕੀਰਾਂ ਦੀਆਂ ਚਾਰ-ਪੰਜ ਸਮਾਧਾਂ ਹਨ। ਇਹ ਸਮਾਧਾਂ ਇੰਜ ਲੱਗਦੀਆਂ ਹਨ,ਜਿਵੇਂ ਪੰਜੇ ਪੀਰ ਚਿੱਟੀਆਂ ਚਾਦਰਾਂ ਤਾਣੀ ਖ਼ਾਮੋਸ਼ ਸੁੱਤੇ ਪਏ ਹੋਣ। ਇਸ ਜਗ੍ਹਾ ਅੰਧ ਵਿਸ਼ਵਾਸੀ ਲੋਕ ਕੁਝ ਪੈਸਿਆਂ ਦਾ ਤੇਲ ਚੜ੍ਹਾਅ ਕੇ ਪਤਾ ਨਹੀਂ ਕੀ-ਕੀ ਮੁਰਾਦਾਂ ਮੰਗਦੇ ਨੇ ? ਡਰ ਕਰਕੇ ਇਥੋਂ ਕੋਈ ਪਤਾ ਵੀ ਨਹੀਂ ਤੋੜਦਾ। ਤਕੀਏ ਦੀ ਠੰਡੀ ਛਾਂ ਵਿਚ ਗੁਰਪਾਲ ਦੇ ਪੈਰ ਆਪਣੇ-ਆਪ ਹੀ ਰੁਕ ਗਏ। ਆਦਤ ਅਨੁਸਾਰ ਉਹ ਫ਼ਕੀਰਾਂ ਬਾਰੇ ਸੋਚਣ ਲੱਗ ਪਿਆ, "ਸ਼ਾਇਦ ਰਾਂਝੇ ਨੂੰ ਵੀ ਹੀਰ ਅਜਿਹੇ ਪੀਰਾਂ ਹੀ ਬਖ਼ਸ਼ੀ ਹੋਵੇ ?" ਪਰ ਉਹ ਤਾਂ ਰਾਂਝਾ ਨਹੀਂ!

ਥੋੜ੍ਹਾ ਸਾਹ ਲੈਣ ਤੋਂ ਬਾਅਦ ਉਸਨੂੰ ਪਾਣੀ ਦੀ ਤਲਬ ਹੋਈ। ਪਾਣੀ ਪੀਣ ਦੇ ਮਨਸ਼ੇ ਨਾਲ ਉਹ ਓਥੇ ਲੱਗੇ ਖੂਹ ਦੇ ਨੇੜੇ ਆ ਗਿਆ। ਉਸਨੇ ਖੂਹ ਵਿਚ ਝਾਤੀ ਮਾਰੀ ਤਾਂ ਉਸਨੂੰ ਸ਼ਾਂਤ ਪਾਣੀ ਵਿਚ ਆਪਣਾ ਹੀ ਪ੍ਰਤੀਬਿੰਬ ਦਿੱਸਿਆ। ਖੂਹ ਗੇੜਨ'ਤੇ ਪਹਿਲਾਂ ਤਾਂ ਹੌਲਾ ਹੀ ਲੱਗਿਆ ਪਰ ਭਰੀਆਂ ਟਿੰਡਾਂ ਉੱਪਰ ਆਉਣ'ਤੇ ਮਹਿਸੂਸ ਹੋਇਆ ਕਿ ਇਕੱਲੇ ਦੇ ਵੱਸ ਦਾ ਰੋਗ ਨਹੀਂ। ਥੋੜ੍ਹਾ ਹੋਰ ਹੰਭਲਾ ਮਾਰਿਆ ਪਰ ਭਰੀਆਂ ਟਿੰਡਾਂ ਕਿਵੇਂ ਵੀ ਰੋਕੀਆਂ ਨਾ ਗਈਆਂ ਤੇ ਖੌਰੂ-ਖੌਰੂ ਕਰਦੀ ਮਾਹਲ ਵਾਪਸ ਖੂਹ ਵਿਚ ਚਲੀ ਗਈ। ਉਸਨੇ ਲਾਚਾਰ ਜਿਹੇ ਹੋ ਕੇ ਦੁਬਾਰਾ ਖੂਹ ਵਿਚ ਝਾਤੀ ਮਾਰੀ ਤਾਂ ਉਸਨੂੰ ਟਿੰਡਾਂ ਨਾਲ ਰਿੜਕੇ ਪਾਣੀ ਤੋਂ ਬਗੈਰ ਕੁਝ ਵੀ ਨਾ ਦਿੱਸਿਆ। ਇਕ ਹੋਰ ਨਾਕਾਮ ਕੋਸ਼ਿਸ਼ ਕਰਨ ਤੋਂ ਬਾਅਦ ਉਹ ਤੁਰਨ ਹੀ ਲੱਗਾ ਸੀ ਕਿ ਇਕ ਜ਼ਨਾਨਾ ਆਵਾਜ਼ ਸੁਣ ਕੇ ਉਸਦੇ ਪੈਰ ਥਾਂ'ਤੇ ਹੀ ਰੁਕ ਗਏ। ਇਕ ਪਲ ਤਾਂ ਤਰਕਸ਼ੀਲ ਸੋਚ ਦਾ ਮਾਲਕ ਮੁੰਡਾ ਕਿਸੇ ਅਣਹੋਣੇ ਡਰ ਨਾਲ ਕੰਬ ਗਿਆ ਕਿ ਐਨੀ ਤਿੱਖੜ ਦੁਪਹਿਰੇ ਏਥੇ ਜ਼ਨਾਨੀ ਦਾ ਕੀ ਕੰਮ ?

"ਠਹਿਰੋ, ਮੈਂ ਪਾਣੀ ਪਿਲਾ ਦੇਨੀ ਆਂ। "ਸ਼ਾਇਦ ਨੇੜੇ ਖੇਤ 'ਚ ਕੰਮ ਕਰਦੀ ਕੁੜੀ ਵੀ ਪਾਣੀ ਲੈਣ ਵਾਸਤੇ ਆਈ ਸੀ। ਉਹ ਬਿਨਾਂ ਬੋਲੇ ਛੋਟੀ ਜਿਹੀ ਰੱਸੀ ਬੱਧੀ ਬਾਲਟੀ ਨਾਲ ਖੂਹ'ਚੋਂ ਆਪਣੇ ਧਿਆਨ ਪਾਣੀ ਕੱਢਣ ਲੱਗ ਪਈ। ਕੁੜੀ ਨੂੰ ਪਾਣੀ ਕੱਢਦੀ ਵੇਖ ਗੁਰਪਾਲ ਨੂੰ ਜਾਗਰ ਬਾਗੀਏ ਦੀ ਮਲਕੀ ਯਾਦ ਆ ਗਈ,ਜੋ ਕਦੀ ਉਹ ਨਾਨ'ਚ ਆਇਆ ਗਾਉਂਦਾ ਹੁੰਦਾ ਸੀ। ਸ਼ਾਇਦ ਇਵੇਂ ਹੀ ਮਲਕੀ ਪਾਣੀ ਕੱਢਦੀ ਹੋਵੇਗੀ। ਪਰ ਉਹ ਤਾਂ ਕੀਮਾ ਵੀ ਨਹੀਂ!

"ਲਓ ਪਾਣੀ ਪੀ ਲਵੋ" ਦੀ ਮਿੱਠੀ ਜਿਹੀ ਆਵਾਜ਼ ਨੇ ਉਸਦੇ ਖ਼ਿਆਲਾਂ ਦੀ ਲੜੀ ਤੋੜ ਦਿੱਤੀ। ਕੋਈ ਬਰਤਨ ਨਾ ਹੋਣ ਕਰਕੇ ਉਹ ਦੋਵਾਂ ਹੱਥਾਂ ਦਾ ਬੁੱਕ ਬਣਾਉਂਦਾ ਮੂੰਹ ਨੂੰ ਲਾ ਕੇ ਪੈਰਾਂ ਭਾਰ ਬੈਠ ਗਿਆ। ਕੁੜੀ ਥੋੜ੍ਹਾ ਝੁਕ ਕੇ ਪਾਣੀ ਪਾਉਣ ਲੱਗ ਪਈ। ਅਚਾਨਕ ਬੁੱਕ'ਚ ਪੈਂਦਾ ਪਾਣੀ ਬੰਦ ਹੋ ਗਿਆ। ਉਸਨੇ ਬੈਠੇ-ਬੈਠੇ ਨੇ ਹੀ ਬੁੱਕ ਮੂੰਹ ਨਾਲ ਲਾਈ ਅੱਖਾਂ ਚੁੱਕ ਕੇ ਉਤਾਂਹ ਵੇਖਿਆ ਕੁੜੀ ਜਿਵੇਂ ਕਿਧਰੇ ਖ਼ਿਆਲਾਂ ਵਿਚ ਗਵਾਚ ਚੁੱਕੀ ਸੀ। ਉਹ ਬੁੱਕ ਮੂੰਹ ਨੂੰ ਲੱਗਿਆ ਹੀ ਬੋਲਿਆ, "ਪਾਓ ਵੀ!"

ਕੁੜੀ ਇਕ ਦਮ ਤ੍ਰਬਕ ਪਈ ਤੇ ਉਸ ਤੋਂ ਪਾਣੀ ਦੀ ਬਾਲਟੀ ਤਕਰੀਬਨ ਮੁੰਡੇ ਦੇ ਉੱਤੇ ਹੀ ਉਲਟ ਗਈ। ਮੁੰਡਾ ਛੇਤੀ ਨਾਲ ਉੱਠ ਕੇ ਭਿੱਜੇ ਕੱਪੜੇ ਛੰਡਣ ਲੱਗ ਪਿਆ। ਕੁੜੀ ਦੇ ਚਿਹਰੇ ਤੋਂ ਲੱਗ ਰਿਹਾ ਸੀ ਜਿਵੇਂ ਉਸਤੋਂ ਕੋਈ ਬਹੁਤ ਵੱਡਾ ਗੁਨਾਹ ਹੋ ਗਿਆ ਹੋਵੇ।ਤੇ ਉਹ ਇਸ ਗੱਲੋਂ ਡਰ ਰਹੀ ਹੋਵੇ ਕਿ ਅਜਨਬੀ ਮੁੰਡਾ ਜ਼ਰੂਰ ਉਸਨੂੰ ਕੁਝ ਨਾ ਕੁਝ ਬੋਲੇਗਾ।ਕਿੰਨੀ ਮਾਸੂਮੀਅਤ ਸੀ ਕੁੜੀ ਦੀਆਂ ਅੱਖਾਂ'ਚ,ਮੁੰਡੇ ਦੇ ਲਗਾਤਾਰ ਤੱਕਣ ਨਾਲ ਕੁੜੀ ਨੇ ਸ਼ਰਮਾਅ ਕੇ ਨੀਵੀਂ ਪਾ ਲਈ। "ਪੇਂਡੂ ਹੁਸਨ ਵਾਕਿਆ ਹੀ ਕਿਸੇ ਮਲਕੀ ਤੇ ਹੀਰ ਨਾਲੋਂ ਘੱਟ ਨਹੀਂ ਹੁੰਦਾ।"ਸੋਚਦਾ ਗੁਰਪਾਲ ਸਿਰਫ਼ ਏਨਾ ਹੀ ਕਹਿ ਸਕਿਆ, "ਕੋਈ ਗੱਲ ਨਹੀਂ।"

ਏਨੇ ਨੂੰ ਇਕ ਹੋਰ ਔਰਤ ਨੇ ਆ ਕੇ ਸਿੱਟਿਆਂ ਦੀ ਝੋਲੀ ਛਾਵੇਂ ਵਗਾਹ ਮਾਰੀ ਤੇ ਮੁੰਡੇ ਨੂੰ ਵੇਖਦਿਆਂ ਹੀ ਮੁਖ਼ਾਤਿਬ ਹੋਈ, "ਵੇ ਪਾਲਿਆ ਤੂੰ ਕਿਧਰ ?"

"ਮਾਸੀ ਅੱਜ ਕਾਲਜ'ਚ ਹੜਤਾਲ ਹੋ ਗਈ ਸੀ। " ਗੁਰਪਾਲ ਨੇ ਸੰਖੇਪ ਜਿਹਾ ਹੀ ਜੁਆਬ ਦਿੱਤਾ। "ਬੀਰੋ,ਮੈਂ ਦੂਜੀ ਝੋਲੀ ਵੀ ਲੈ ਆਵਾਂ। "ਕਹਿ ਕੇ ਔਰਤ ਵਾਪਸ ਮੁੜ ਗਈ।

ਇਹ ਪ੍ਰੀਤੋ ਸੀ ਏਸੇ ਹੀ ਪਿੰਡ ਦੀ ਕੁੜੀ,ਜੋ ਭਰ ਜਵਾਨੀ ਵਿਚ ਵਿਧਵਾ ਹੋ ਗਈ ਸੀ। ਗੁਰਪਾਲ ਦੀ ਬੇਬੇ ਦੱਸਦੀ ਹੁੰਦੀ ਸੀ ਕਿ ਪ੍ਰੀਤੋ ਦਾ ਘਰ ਵਾਲਾ ਨਸੀਬੂ ਕਿਸੇ ਲੰਮੀ ਬਿਮਾਰੀ ਦਾ ਮਰੀਜ਼ ਸੀ। ਪ੍ਰੀਤੋ ਹੁਣ ਲੋਕਾਂ ਦੇ ਘਰੀਂ ਕੰਮ-ਧੰਦਾ ਕਰਕੇ ਤੇ ਸਿੱਟੇ ਵਗੈਰਾ ਚੁਗ ਕੇ ਆਪਣਾ ਤੇ ਆਪਣੀਆਂ ਦੋ ਬੱਚੀਆਂ ਦਾ ਢਿੱਡ ਭਰਦੀ ਹੈ। ਗੁਰਪਾਲ ਦੀ ਬੇਬੇ ਵੀ ਬਾਪੂ ਦੀ ਮੌਤ ਤੋਂ ਬਾਅਦ ਨਿਆਣੇ ਲੈ ਕੇ ਪੇਕੇ ਪਿੰਡ ਆ ਗਈ ਸੀ ਤੇ ਪੱਕੇ ਤੌਰ'ਤੇ ਇਥੇ ਹੀ ਰਹਿਣ ਪਈ। ਗੁਰਪਾਲ ਪਿੰਡ ਦਾ ਭਣੇਵਾਂ ਹੋਣ ਕਰਕੇ ਪ੍ਰੀਤੋ ਨੂੰ ਮਾਸੀ ਆਖਦਾ ਸੀ।



ਗੁਰਪਾਲ ਨਾ ਚਾਹੁੰਦਿਆਂ ਹੋਇਆਂ ਵੀ ਪਿੰਡ ਨੂੰ ਤੁਰ ਪਿਆ। ਥੋੜ੍ਹੀ ਦੂਰ ਜਾਣ ਤੋਂ ਬਾਅਦ ਉਸਨੇ ਪਿਛਾਂਹ ਭੌਂ ਕੇ ਵੇਖਿਆ ਬੀਰੋ ਉਥੇ ਹੀ ਖਲੋਤੀ ਬਾਲਟੀ ਦੋਵਾਂ ਹੱਥਾਂ ਵਿਚ ਫੜੀ ਉਸਨੂੰ ਜਾਂਦੇ ਨੂੰ ਵੇਖ ਰਹੀ ਸੀ। ਉਹ ਵੀ ਖਲੋਤਾ ਵੇਖਦਾ ਰਿਹਾ। ਕੁਝ ਦੇਰ ਬਾਅਦ ਬੀਰੋ ਛੇਤੀ ਨਾਲ ਭਾਰੇ ਰੁੱਖ ਦੇ ਉਹਲੇ ਹੋ ਗਈ। ਸ਼ਾਇਦ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ ਜਾਂ ਉਹ ਸ਼ਰਮਾਅ ਗਈ ਸੀ। ਗੁਰਪਾਲ ਉਸ ਦਿਨ ਤੇ ਰਾਤ ਬੀਰੋ ਨੂੰ ਕਿਵੇਂ ਆਪਣੇ ਤੋਂ ਪਰੇ ਨਹੀਂ ਕਰ ਸਕਿਆ। ਉਵੇਂ-ਜਿਵੇਂ ਹੀ ਕਲਪਣਾ ਤੇ ਸੁਫ਼ਨਿਆਂ ਵਿਚ ਉਸ ਤੋਂ ਪਾਣੀ ਪੀਂਦਾ ਰਿਹਾ। ਪਾਣੀ ਉਪਰ ਡੁੱਲ੍ਹਣ ਤੋਂ ਬਾਅਦ ਉਸਦੀ ਅੱਖ ਖੁੱਲ੍ਹ ਜਾਂਦੀ ਰਹੀ।

ਰਾਤ ਜਾਗੋ-ਮੀਟੀ ਵਿਚ ਰਹਿਣ ਕਰਕੇ ਗੁਰਪਾਲ ਕਾਫ਼ੀ ਦੇਰ ਨਾਲ ਜਾਗਿਆ। ਬਾਹਰ ਨੂੰ ਗਿਆਂ ਉਹ ਆਪਣੇ-ਆਪ ਨੂੰ ਤਕੀਏ ਵਾਲੇ ਰਾਹ ਪੈਣੋਂ ਰੋਕ ਨਾ ਸਕਿਆ। ਸ਼ਾਇਦ ਇਹ ਖਿੱਚ ਦੁਵੱਲੀ ਸੀ। ਉਸਦੀ ਆਸ ਤੋਂ ਉਲਟ ਬੀਰੋ ਦੂਸਰੇ ਪਿੰਡ ਵੱਲੋਂ ਆਉਂਦੇ ਰਸਤੇ ਵੱਲ ਵੇਖ ਰਹੀ ਸੀ ਜਿਵੇਂ ਉਧਰੋਂ ਕਿਸੇ ਨੇ ਆਉਣਾ ਹੋਵੇ ਤੇ ਉਹ ਉਡੀਕ ਕਰ ਰਹੀ ਹੋਵੇ। ਸੁੱਕੇ ਪੱਤਿਆਂ 'ਤੇ ਪੈੜ ਚਾਲ ਤੋਂ ਬੀਰੋ ਨੂੰ ਉਸਦੇ ਆਉਣ ਦਾ ਪਤਾ ਤਾਂ ਲੱਗ ਗਿਆ ਪਰ ਉਹ ਠੋਡੀ ਥੱਲੇ ਹੱਥ ਰੱਖੀ ਰਾਹ ਵੱਲ ਇੰਜ ਵੇਖਦੀ ਰਹੀ ਜਿਵੇਂ ਕੋਈ ਆਇਆ ਹੀ ਨਾ ਹੋਵੇ। ਗੁਰਪਾਲ ਨੇੜੇ ਜਾ ਕੇ ਖਲੋਅ ਗਿਆ। ਬੀਰੋ ਕੋਲ ਕੱਲ੍ਹ ਵਾਲੀ ਹੀ ਬਾਲਟੀ ਸੀ ਪਰ ਵਿਚ ਲੱਸੀ ਸੀ।

"ਕੀਹਦੀ ਉਡੀਕ ਹੋ ਰਹੀ ਹੈ ?"ਮੁੰਡੇ ਨੇ ਬੁਲਾਉਣ ਦੇ ਮਨਸ਼ੇ ਨਾਲ ਕਿਹਾ।

"ਮੈਂ ਸੋਚਿਆ ਕਿਸੇ ਪਿਆਸੇ ਰਾਹੀ ਨੂੰ ਖੂਹ ਨਾ ਗੇੜਨਾ ਪਏ,ਇਸ ਲਈ ਲੱਸੀ ਲੈ ਕੇ ਬੈਠੀ ਸੀ।" ਬੀਰੋ ਨੇ ਅੱਲ੍ਹੜ ਜਿਹੀ ਚੋਟ ਦੇ ਨਾਲ ਹੀ ਲੱਸੀ ਦਾ ਭਰਿਆ ਚੋਂਦਾ-ਚੋਂਦਾ ਗਿਲਾਸ ਮੁੰਡੇ ਵੱਲ ਵਧਾਅ ਦਿੱਤਾ। ਲੱਸੀ ਪੀਂਦਿਆਂ ਬੀਰੋ ਦੇ ਭਾਈਆਂ ਦੇ ਨੇੜੇ ਹੋਣ ਦਾ ਖ਼ਿਆਲ ਗੁਰਪਾਲ ਨੂੰ ਹਲੂਣ ਗਿਆ ਪਰ ਉਹ ਦੂਰ ਸਨ।ਬੀਰੋ ਨੇ ਹੀ ਦੱਸਿਆ ਕਿ ਕੱਲ੍ਹ ਪ੍ਰੀਤੋ ਨੇ ਸਾਡੀ ਹਰਕਤ ਤਾੜ ਲਈ ਸੀ।

"ਉਹ ਮਾਰੇ ਗਏ"ਗੁਰਪਾਲ ਦੇ ਮੂੰਹੋਂ ਜੀ ਭਿਆਣੇ ਨਿਕਲਦਿਆਂ ਗੋਤਾ ਲੱਗ ਗਿਆ।

"ਮਾਸੀ ਨਾ ਆਖ ਮੈਨੂੰ, ਬੀਰੋ ਨਾਲੋਂ ਮੇਰੇ 'ਚ ਕੀ ਘਾਟ ਐ ? ਕੀ ਮੈਂ ਜਵਾਨ ਨਹੀਂ ? ਸੁਹਣੀ ਨਹੀਂ ? ਮੈਂ ਇਸ ਕਰਕੇ ਹੀ ਆਪਣੇ ਅਰਮਾਨ ਪੂਰੇ ਨਹੀਂ ਕਰ ਸਕਦੀ ਕਿ ਮੈਂ ਵਿਧਵਾ ਹਾਂ। "ਪ੍ਰੀਤੋ ਇਕ ਤਰ੍ਹਾਂ ਚੀਖ਼ ਹੀ ਪਈ। ਪ੍ਰੀਤੋ ਫਿਰ ਬੋਲ ਪਈ, "ਪਾਲਿਆ, ਜੇ ਤੂੰ ਮੈਨੂੰ ਇਵੇਂ ਹੀ ਅੱਗ ਵਿਚ ਸੜਦੀ ਨੂੰ ਛੱਡ ਕੇ ਤੁਰ ਗਿਆ ਤਾਂ ਮੈਂ ਔਹ ਸਾਹਮਣੇ ਪਈ ਤੇਲ ਵਾਲੀ ਪੀਪੀ ਆਪਣੇ ਉੱਪਰ ਸੁੱਟ ਕੇ ਲੱਗੀ ਅੱਗ ਸਦਾ ਲਈ ਬੁਝਾਅ ਲੈਣੀ ਏ। ਉਸਤੋਂ ਬਾਅਦ ਮੇਰੀ ਮੌਤ ਅਤੇ ਮੇਰੇ ਬੱਚਿਆਂ ਦੀ ਜ਼ਿੰਦਗੀ ਦਾ ਜ਼ਿੰਮੇਵਾਰ ਤੂੰ ਹੋਵੇਂਗਾ।

ਕਿਉਂਕਿ ਮਾਸੀ ਪ੍ਰੀਤੋ ਦਾ ਉਹਨਾਂ ਦੇ ਘਰ ਕਾਫ਼ੀ ਆਉਣ-ਜਾਣ ਸੀ। ਪਰ ਬੀਰੋ ਨੇ ਦੱਸਿਆ ਕਿ ਡਰਨ ਦੀ ਲੋੜ ਨਹੀਂ,ਪ੍ਰੀਤੋ ਨੇ ਉਹਦੇ ਘਰ ਹੀ ਮਿਲਣ ਲਈ ਆਖ ਦਿੱਤਾ ਹੈ। ਮਾਸੀ ਵੱਲੋਂ ਮਿਲੀ ਹਰੀ ਝੰਡੀ ਨਾਲ ਉਸਨੂੰ ਕੁਝ ਧਰਵਾਸ ਜ਼ਰੂਰ ਹੋਈ ਪਰ ਡਰ ਖ਼ਤਮ ਨਹੀਂ ਹੋਇਆ।

ਇਕ ਦਿਨ ਘਰ ਬੈਠਾ ਗੁਰਪਾਲ ਬੀਰੋ ਦੇ ਖ਼ਿਆਲਾਂ'ਚ ਗਵਾਚਾ ਪੜ੍ਹ ਘੱਟ ਤੇ ਬਹਾਨਾ ਬਹੁਤਾ ਕਰ ਰਿਹਾ ਸੀ। ਅਚਾਨਕ ਘਰ ਆਈ ਮਾਸੀ ਪ੍ਰੀਤੋ ਦੀ ਆਵਾਜ਼ ਕੰਨੀਂ ਪਈ,ਫਿਰ ਤਾਂ ਖੁੱਲ੍ਹੀ ਕਿਤਾਬ ਮੂੰਹ ਤੋਂ ਚੁੱਕੀ ਹੀ ਨਹੀਂ ਗਈ। ਪ੍ਰੀਤੋ ਨੇ ਮੌਕਾ ਵੇਖ ਕੇ ਕਿਹਾ ਕਿ ਬੀਰੋ ਨੇ ਉਹਦੇ ਘਰ ਸੱਦਿਆ ਹੈ। ਗੁਰਪਾਲ ਬਿਨਾਂ ਕਿਸੇ ਝਿੱਜਕ ਦੇ ਮਾਸੀ ਪ੍ਰੀਤੋ ਦੇ ਘਰ ਚਲਾ ਗਿਆ।

ਬੀਰੋ ਅੰਦਰ ਮਾਸੀ ਦੇ ਦਾਜ ਵਾਲੀ ਟੁੱਟੀ ਬਾਹੀ ਵਾਲੀ ਕੁਰਸੀ'ਤੇ ਬੈਠੀ ਹੋਈ ਸੀ। ਮਾਸੀ ਪ੍ਰੀਤੋ ਪਾਣੀ ਦਾ ਜੱਗ ਤੇ ਗਿਲਾਸ ਮੇਜ਼'ਤੇ ਰੱਖ ਕੇ ਮੁੜ ਗਈ। ਉਹ ਦੁਬਾਰਾ ਅੰਦਰ ਨਹੀਂ ਆਈ। ਸ਼ਾਇਦ ਉਸਦੀ ਸਿਆਣਪ ਦੋ ਪ੍ਰੇਮੀਆਂ ਨੂੰ ਗੱਲਾਂ ਕਰਨ ਲਈ ਇਕੱਲ ਦੇਣਾ ਚਾਹੁੰਦੀ ਸੀ। ਪਾਣੀ ਦਾ ਬੰਦੋਬਸਤ ਸ਼ਾਇਦ ਬੀਰੋ ਨੇ ਜਾਣ ਬੁੱਝ ਕੇ ਕਰਵਾਇਆ ਸੀ। ਇਹ ਉਸਦਾ ਗੁੱਝਾ ਮਜ਼ਾਕ ਵੀ ਸੀ।ਗੁਰਪਾਲ ਨੇ ਕਿਹਾ, "ਪਾਣੀ ਦੀ ਖੇਚਲ ਕਿਉਂ ਕਰਨੀ ਸੀ ?"

"ਤੁਸੀਂ ਖੇਚਲ ਕਹਿੰਦੇ ਹੋ !ਮੈਂ ਤਾਂ ਚਾਹੁੰਦੀ ਹਾਂ, ਤੁਸੀਂ ਨਿੱਤ ਪਿਆਸੇ ਆਓ ਤੇ ਮੈਂ ਤੁਹਾਨੂੰ ਤੁਹਾਡੇ ਰਾਹਾਂ ਵਿਚ ਬੈਠੀ ਇੰਤਜ਼ਾਰ ਕਰਦੀ ਨਿੱਤ ਹੀ ਪਾਣੀ ਪਿਲਾਉਂਦੀ ਰਹਾਂ।"ਕੁੜੀ ਕਿਸੇ ਵਿਸਮਾਦ ਵਿਚ ਗੜੁੱਚ ਸੀ।

"ਵੇਖ ਲੈ,ਸਾਧਣੀ ਬਣਨਾ ਪਊ!"ਕਹਿ ਕੇ ਗੁਰਪਾਲ ਮੁੰਜ ਦੀ ਲਾਣੀ ਮੰਜੀ'ਤੇ ਬਹਿ ਗਿਆ। ਉਸ ਤੋਂ ਬਾਅਦ ਬਸ ਮਿੱਠੇ ਨਿਹੋਰੇ,ਦੇਰ ਬਾਅਦ ਮਿਲਣ ਦਾ ਗੁੱਸਾ,ਅਖੀਰ ਵਾਅਦੇ ਲਏ ਤੇ ਦਿੱਤੇ ਗਏ। ਮਾਸੀ ਦੇ ਘਰ ਮਿਲਣ ਦਾ ਇਹ ਸਿਲਸਿਲਾ ਲਗਾਤਾਰ ਚੱਲਦਾ ਰਿਹਾ। ਅੱਲ੍ਹੜ ਪਿਆਰ ਨਿਕਲਣ ਵਾਲੇ ਨਤੀਜਿਆਂ ਤੋਂ ਬੇਖ਼ਬਰ ਹੁੰਦਾ ਹੈ। ਲਗਾਤਾਰ ਮਿਲਦੇ ਉਹ ਭੁੱਲ ਹੀ ਗਏ ਸਨ ਕਿ ਉਹ ਇਕੋ ਹੀ ਪਿੰਡ ਦੇ ਹਨ। ਪਰ ਉਨ੍ਹਾਂ ਦੀ ਮੁਹੱਬਤ ਪਾਕ-ਪਵਿੱਤਰ ਸੀ।

ਇਕ ਦਿਨ ਗੁਰਪਾਲ ਬੈਠਕ ਵਿਚ ਬੈਠਾ ਵਾਰਸ ਦੀ ਹੀਰ ਵਿਚੋਂ ਆਪਣੀ ਹੀਰ ਦੇ ਨਕਸ਼ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਬੈਠਕ ਦਾ ਗਲੀ ਵੱਲ ਦਾ ਢੁਪਿਆ ਬਾਰ ਥੋੜ੍ਹਾ ਜਿਹਾ ਖੁੱਲ੍ਹਿਆ। ਇਹ ਮਾਸੀ ਪ੍ਰੀਤੋ ਸੀ। ਉਸਦੀਆਂ ਚਾਰ-ਚੁਫ਼ੇਰਾ ਤਾੜਦੀਆਂ ਨਜ਼ਰਾਂ ਗੁਰਪਾਲ ਨਾਲ ਮਿਲੀਆਂ। ਬੀਰੋ ਦਾ ਸੁਨੇਹਾ ਸੀ ਕਿ ਉਸਨੇ ਹਮੇਸ਼ਾ ਤੋਂ ਉਲਟ ਸ਼ਾਮੀਂ ਪੰਜ ਵਜੇ ਸੱਦਿਆ ਹੈ। ਬੀਰੋ ਨੂੰ ਮਿਲਣ ਲਈ ਤਾਂ ਜਿਵੇਂ ਸਮਾਂ ਵੀ ਲੰਮਾ ਹੋ ਜਾਂਦਾ ਸੀ। ਮਸਾਂ ਹੀ ਪੰਜ ਵੱਜੇ। ਮਾਸੀ ਦੇ ਘਰ ਪਹੁੰਚ ਕੇ ਆਸ ਤੋਂ ਉਲਟ ਉੱਥੇ ਬੀਰੋ ਨੂੰ ਨਾ ਵੇਖ ਕੇ ਗੁਰਪਾਲ ਨੂੰ ਹੈਰਾਨੀ ਹੋਈ। "ਮਾਸੀ ਬੀਰੋ ?"ਉਸਨੇ ਹੈਰਾਨ ਹੁੰਦਿਆਂ ਪੁੱਛਿਆ।

"ਵੇ ਆ ਜਾਂਦੀ ਆ,ਓਦਰ ਗਿਆਂ ਉਹਦੇ ਖੁਣੋਂ ?"ਮਾਸੀ ਸਾਫ਼-ਸੁਥਰੇ ਕੱਪੜਿਆਂ'ਚ ਇੰਜ ਲੱਗ ਰਹੀ ਸੀ, ਜਿਵੇਂ ਕਿਧਰੇ ਜਾਣਾ ਹੋਵੇ। ਅੰਦਰ-ਬਾਹਰ ਆਉਂਦੀ-ਜਾਂਦੀ ਮਾਸੀ ਦਾ ਇਹ ਕਹਿਣਾ ਗੁਰਪਾਲ ਨੂੰ ਓਪਰਾ ਜਿਹਾ ਲੱਗਿਆ, "ਪਾਲਿਆ,ਮੈਨੂੰ ਮਾਸੀ ਨਾ ਆਖਿਆ ਕਰ,ਮੇਰਾ ਨਾਂ ਲੈ ਲਿਆ ਕਰ। "

ਥੋੜ੍ਹੀ ਦੇਰ ਬਾਅਦ ਮਾਸੀ ਨੇ ਚਾਹ ਲਿਆ ਰੱਖੀ। ਗੁਰਪਾਲ ਨੇ ਸੋਚਿਆ ਕਿ ਬੀਰੋ ਆਉਂਦੀ ਹੋਊ। ਉਦੋਂ ਤਾਂ ਉਸਦੀ ਹੋਸ਼ ਹੀ ਉੱਡ ਗਈ ਜਦੋਂ ਮਾਸੀ ਮੰਜੀ 'ਤੇ ਉਸਦੇ ਨਾਲ ਲੱਗ ਕੇ ਬੈਠ ਗਈ।

"ਮਾਸੀ... ? ਤੂੰ ਮੇਰੀ ਮਾਵਾਂ ਵਰਗੀ ਏਂ!" ਉਹ ਜਲਦੀ ਨਾਲ ਉੱਠ ਕੇ ਖਲੋਅ ਗਿਆ। ਸ਼ਾਇਦ ਉਹਨਾਂ ਦੀਆਂ ਨਿੱਤ ਦੀਆਂ ਮਿਲਣੀਆਂ ਨੇ ਇਕ ਨੌਜਵਾਨ ਵਿਧਵਾ ਦੀ ਸਮਾਜਿਕ ਡਰ ਨਾਲ ਦੱਬੀ ਕਾਮਨਾ ਨੂੰ ਹਵਾ ਦਾ ਕੰਮ ਕੀਤਾ ਸੀ।


"ਮਾਸੀ ਨਾ ਆਖ ਮੈਨੂੰ, ਬੀਰੋ ਨਾਲੋਂ ਮੇਰੇ 'ਚ ਕੀ ਘਾਟ ਐ ? ਕੀ ਮੈਂ ਜਵਾਨ ਨਹੀਂ ? ਸੁਹਣੀ ਨਹੀਂ ? ਮੈਂ ਇਸ ਕਰਕੇ ਹੀ ਆਪਣੇ ਅਰਮਾਨ ਪੂਰੇ ਨਹੀਂ ਕਰ ਸਕਦੀ ਕਿ ਮੈਂ ਵਿਧਵਾ ਹਾਂ। "ਪ੍ਰੀਤੋ ਇਕ ਤਰ੍ਹਾਂ ਚੀਖ਼ ਹੀ ਪਈ। ਗੁਰਪਾਲ ਇਹ ਭੁੱਲ ਹੀ ਗਿਆ ਸੀ ਕਿ ਹਰ ਮਾਂ ਵਿਚ ਇਕ ਔਰਤ ਦੇ ਵੱਖ-ਵੱਖ ਰੂਪ ਵੱਸਦੇ ਹਨ। ਆਪਣੀ ਮਾਂ ਬਾਰੇ ਸੋਚ ਕੇ ਮੁੰਡਾ ਧੁਰ ਅੰਦਰ ਤਾਈਂ ਕੰਬ ਗਿਆ। ਉਹ ਬਾਹਰ ਨੂੰ ਤੁਰਨ ਲੱਗਾ ਤਾਂ ਪ੍ਰੀਤੋ ਫਿਰ ਬੋਲ ਪਈ, "ਪਾਲਿਆ, ਜੇ ਤੂੰ ਮੈਨੂੰ ਇਵੇਂ ਹੀ ਅੱਗ ਵਿਚ ਸੜਦੀ ਨੂੰ ਛੱਡ ਕੇ ਤੁਰ ਗਿਆ ਤਾਂ ਮੈਂ ਔਹ ਸਾਹਮਣੇ ਪਈ ਤੇਲ ਵਾਲੀ ਪੀਪੀ ਆਪਣੇ ਉੱਪਰ ਸੁੱਟ ਕੇ ਲੱਗੀ ਅੱਗ ਸਦਾ ਲਈ ਬੁਝਾਅ ਲੈਣੀ ਏ। ਉਸਤੋਂ ਬਾਅਦ ਮੇਰੀ ਮੌਤ ਅਤੇ ਮੇਰੇ ਬੱਚਿਆਂ ਦੀ ਜ਼ਿੰਦਗੀ ਦਾ ਜ਼ਿੰਮੇਵਾਰ ਤੂੰ ਹੋਵੇਂਗਾ। "ਪ੍ਰੀਤੋ ਨੇ ਅੰਗੀਠੀ 'ਤੇ ਪਈ ਤੇਲ ਦੀ ਪੀਪੀ ਵੱਲ ਇਸ਼ਾਰਾ ਕੀਤਾ। ਉਹਦੇ ਚਿਹਰੇ ਤੋਂ ਔਰਤ ਦੀ ਬਦੀ ਸਾਫ਼ ਨਜ਼ਰ ਆ ਰਹੀ ਸੀ। ਗੁਰਪਾਲ ਨੂੰ ਇੰਜ ਲੱਗਿਆ ਜਿਵੇਂ ਪੀਪੀ ਵਿਚਲਾ ਤੇਲ ਉਸਦੇ ਉੱਪਰ ਡਿੱਗ ਪਿਆ ਹੋਵੇ ਤੇ ਉਸਦਾ ਸਰੀਰ ਲਾਟੀਂ ਮੱਚਣ ਲੱਗ ਪਿਆ ਹੋਵੇ। ਉਸਦਾ ਸਰੀਰ ਬੇਜਾਨ ਜਿਹਾ ਹੋ ਗਿਆ ਲੱਗਦਾ ਸੀ।

ਜਦੋਂ ਉਹ ਉਥੋਂ ਬਾਹਰ ਨਿਕਲਿਆ ਤਾਂ ਅਸਮਾਨ 'ਚ ਬੱਦਲਵਾਈ ਸੀ, ਕੋਈ-ਕੋਈ ਕਣੀ ਡਿੱਗ ਰਹੀ ਸੀ। ਸ਼ਾਇਦ ਇਸ ਰਿਸ਼ਤੇ ਦੀ ਮੌਤ'ਤੇ ਕੁਦਰਤ ਵੀ ਅੱਥਰੂ ਵਹਾ ਰਹੀ ਹੋਵੇ। ਗੁਰਪਾਲ ਨੂੰ ਆਪਣੇ ਵਜੂਦ'ਚੋਂ ਬਦਬੋਅ ਜਿਹੀ ਆਉਣ ਲੱਗ ਪਈ। ਉਹ ਬੀਰੋ ਨੂੰ ਯਾਦ ਕਰਦਾ ਲੱਤਾਂ ਘਸੀਟਦਾ ਮਸਾਂ ਹੀ ਆਪਣੇ ਘਰ ਪਹੁੰਚਿਆ। ▪

ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼


**ਸਭੁ ਦੇਸੁ ਪਰਾਇਆ**
(ਸਵੈ-ਜੀਵਨੀ)

# ਵਿਸ਼ਵ-ਪ੍ਰਸਿੱਧ ਗੁਰਮਤਿ ਦਾਰਸ਼ਨਿਕ ਤੇ ਮਨੋਵਿਗਿਆਨੀ ਡਾ: ਜਸਵੰਤ ਸਿੰਘ ਜੀ ਨੇਕੀ ਨਾਲ ਮੇਰਾ ਮਿਲਾਪ




ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਏਨੀ ਸੁਣਦਿਆਂ ਮੈਂ ਉਸਦੇ ਵੱਟਕੇ ਮੂੰਹ ਤੇ ਚਪੇੜ ਮਾਰੀ। ਉਦੋਂ ਹੀ ਉਸਦੀ ਮਾਤਾ ਨੇ ਮੇਰਾ ਹੱਥ ਫੜ ਲਿਆ ਤੇ ਕਹਿਣ ਲੱਗੀ ਓਦਾਂ ਨਹੀਂ ਸਮਝ ਸਕਦੇ ਜੇ




ਉਹ ਤੁਹਾਡੇ ਤੇ ਹੱਥ ਚੱਕ ਲਵੇ? ਮੈਂ ਕਿਹਾ ਫਿਰ ਪਿਉ ਪੁੱਤਰ ਦਾ ਰਿਸ਼ਤਾ ਖਤਮ। ਹੁਣ ਮੇਰਾ ਫਰਜ਼ ਹੈ ਇਸ ਨੂੰ ਰਾਹਿ-ਰਾਸਤੀ ਤੇ ਲਿਆਉਣਾ। ਬਹੁਤ ਹੀ ਗੁੱਸੇ ਵਿੱਚ ਸਾਂ। ਰਾਤ ਨੂੰ ਰੋਟੀ ਨਾ ਲੰਘੇ ਮੈਂ ਉਸਨੂੰ ਤੇ ਉਸਦੀ ਮਾਤਾ ਨੂੰ ਕੋਲ ਬਹਾਕੇ ਪੁੱਛਿਆ,''ਸਰਬਜੀਤ ਝੂਠ ਨਾ ਬੋਲੀ ਤੂੰ ਸ਼ਰਾਬ ਕਿੱਥੋਂ ਪੀਂਦਾ ਸੈ?'' ਉਹ ਕਹਿਣ ਲੱਗਾ, ''ਡੈਡੀ! ਮੈਨੂੰ ਬਾਨਾ ਕੂਬਾ (ਸਵਾਹਿਲੀ ਵਿੱਚ ਬਾਨਾ ਕੂਬਾ ਬਜ਼ੁਰਗ ਨੂੰ ਕਹਿੰਦੇ ਹਨ) ਪਿਲਾਉਂਦਾ ਹੈ। ਉਹ ਕਹਿੰਦਾ ਹੈ ਕਿ ਗਿਆਨੀ ਤੇਰਾ ਬਾਪ ਹੈ, ਤੂੰ ਥੱੜ੍ਹਾ ਹੈ, ਨਾਲੇ ਮੈਂ ਗੁਰਦੁਆਰੇ ਦਾ ਪ੍ਰਧਾਨ ਹਾਂ। ਤੈਨੂੰ ਕੋਈ ਕੁਝ ਨਹੀਂ ਕਹਿ ਸਕਦਾ।'' ਮੈਂ ਇਹ ਸੁਣਕੇ ਮੱਥਾ ਫੜਕੇ ਬੈਠ ਗਿਆ ਤੇ ਮੇਰੀ ਸੁਰਤਿ ਕੁਰਕਸ਼ੇਤਰ ਚਲੇ ਗਈ। ਗੁਰਦੁਆਰਾ ਛੇਵੀਂ ਪਾਤਸ਼ਾਹੀ ਦੇ ਨਾਲ ਹੀ ਪਟਰੌਲ ਪੰਪ ਹੈ। ਉਸਦੇ ਮਾਲਕ ਸ੍ਰ: ਸੁਰਿੰਦਰ ਸਿੰਘ ਧਾਲੀਵਾਲ ਨੇ।

ਸਾਡੀ ਜ਼ਮੀਨ ਨੇੜੇ ਨੇੜੇ ਹੈ। ਉਹ ਮੇਰੇ ਮਿੱਤਰ ਵੀ ਹਨ। ਇੱਕ ਦਿਨ ਸਰਬਜੀਤ ਡੇਰਿਓ (ਖੇਤਾਂ ਵਿੱਚ ਹੀ ਸਾਡਾ ਘਰ ਸੀ, ਜਿਸ ਨੂੰ ਦੁਆਬੀਆਂ ਦਾ ਡੇਰਾ ਕਹਿੰਦੇ ਸਨ) ਟਰੈਕਟਰ ਦੇ ਪਿੱਛੇ ਡਰੰਮ ਬੰਨ੍ਹਕੇ ਡੀਜ਼ਲ ਲੈਣ ਆਇਆ। ਉਸਦੇ ਤੇੜ ਕਛਹਿਰਾ ਤੇ ਲੱਕ ਨਾਲ ਡੱਬੀਆਂ ਵਾਲਾ ਪਰਨਾ ਬੰਨ੍ਹਿਆ ਹੋਇਆ। ਇੱਕ ਡੱਬੀਆਂ ਵਾਲਾ ਪਰਨਾਂ ਸਿਰ ਤੇ ਬੰਨ੍ਹਿਆ ਹੋਇਆ। ਸਰਦਾਰ ਨੇ ਇਹਨੂੰ ਦੇਖ ਕੇ ਅਵਾਜ਼ ਮਾਰੀ ਪੱਪੂ ਇਧਰ ਆ। ਇਹ ਦੌੜ ਕੇ ਉਨ੍ਹਾਂ ਦੇ ਕੋਲ ਗਿਆ। ਸ੍ਰ: ਸੁਰਿ-ਦਰ ਸਿੰਘ ਨੇ ਝਿੜਕ ਕੇ ਕਿਹਾ, ''ਅੱਜ ਤੋਂ ਬਾਅਦ ਜੇ ਪੈਂਟ ਜਾਂ ਪਜਾਮੇ ਤੇ ਪੱਗ ਤੋਂ ਬਗੈਰ ਦੇਖ ਲਿਆ ਤਾਂ ਚੰਮ ਲਾਹ ਦੂੰ ਤੇਰੇ ਬਾਪ ਨੂੰ ਲੋਕ ਇਨਾ ਪਿਆਰ ਤੇ ਸਤਿਕ-ਾਰ ਕਰਨ ਤੇ ਤੂੰ ਵੈਲੀਆਂ ਵਾਂਗ ਭੇਸ ਬਣਾਕੇ ਸ਼ਹਿਰ ਘੁੰਮੇ।'' ਇਹ ਹੈ ਅਸਲ ਦੋਸਤੀ, ਪਿਆਰ। ਇਹ ਨਹੀਂ ਕਿ ਗੁਰਦੁਆਰੇ ਦਾ ਪ੍ਰਧਾਨ ਕਹੇ ਪੀ.ਐ.ਪੀ.ਐ

**ਬਾਬਾ ਦੀਪ ਸਿੰਘ ਜੀ ਦੇ ਦੱਖਣੀ ਬਾਹੀ ਦੇ ਅਸਥਾਨ ਉਤੇ ਜਿਥੋਂ ਟੈਂਕ ਅੱਗੇ ਨਹੀਂ ਜਾ ਸਕੇ ਸਨ, ਉਥੇ ਪਰਕਰਮਾ ਦਾ ਦੱਬ ਕੇ ਟੁੱਟਾ ਹੋਇਆ ਪੱਥਰ ਸਾਫ਼ ਦਿਸ ਰਿਹਾ ਸੀ। ਹਰ ਸ਼ਰਧਾਲੂ ਦੀ ਅੱਖ ਵਿੱਚ ਅਥਰੂ ਸਨ ਤੇ ਜ਼ੁਬਾਨ ਉਤੇ ਹਾਕਮਾਂ ਨੂੰ ਦੁਰਸੀਸਾਂ, ਮੈਂ ਭਾਵੁਕ ਹੋਕੇ ਬਹੁਤ ਵਾਰੀ ਰੋਇਆ। ਜ਼ਿੰਦਗੀ ਵਿੱਚੋਂ ਮੇਰੇ ਵਾਸਤੇ ਇਹ ਪਹਿਲਾਂ ਦਿਨ ਸੀ, ਜਦੋਂ ਦਰਬਾਰ ਸਾਹਿਬ ਦੇ ਦਰਸ਼ਨ ਕਰਦਿਆਂ ਤੇ ਕੀਰਤਨ ਸੁਣਦਿਆਂ ਮਨ ਉਖੜਿਆ ਰਿਹਾ।**

ਤੇਰਾ ਬਾਪ ਹੀ ਗਿਆਨੀ ਹੈ ਤੂੰ ਥੱੜ੍ਹਾ ਏ। ਬੱਚੇ ਬਿਗੜਨਗੇ ਨਹੀਂ ਤਾਂ ਹੋਰ ਕੀ ਹੋਵੇਗਾ। ਦਰ ਅਸਲ ਬਹੁਤੀ ਮਾਇਆ ਵੀ ਕਈ ਵਾਰ ਚੰਗੇ ਭਲੇ ਬੰਦੇ ਦਾ ਦਿਮਾਗ ਖਰਾਬ ਕਰ ਦਿੰਦੀ ਹੈ। ''ਸਾਵਣ ਜੋ ਆਗ ਲਗਾਏ, ਉਸੇ ਕੌਣ ਬੁਝਾਏ! ਸੱਚ ਹੀ ਹੈ। ਸੰਨ 1984 ਜੁਲਾਈ ਵਿੱਚ ਮੇਰਾ ਪਹਿਲਾ ਕੰਟੈਕਟ ਖਤਮ ਹੋ ਗਿਆ ਸੀ। ਕਮੇਟੀ ਮੈਨੂੰ ਕਿਸੇ ਕੀਮਤ ਤੇ ਵੀ ਨਹੀਂ ਸੀ ਛੱਡਣਾ ਚਾਹੁੰਦੀ। ਕਾਰਨ ਮੇਰਾ ਸੰਗਤ ਨਾਲ ਪਿਆਰ ਤੇ ਕੀਰਤਨ ਗੁਰੂ ਬਾਣੀ ਦੀਆਂ ਕਲਾਸਾਂ। ਪੰਦਰਾਂ ਸਾਲ ਤੋਂ ਲੈ ਕੇ ਪੈਂਹਟ ਸਾਲ ਦੀਆਂ ਬੀਬੀਆਂ ਬੱਚੇ ਨੌਜਵਾਨ ਪਾਠ ਸਿੱਖ ਗਏ, ਕੀਰਤਨ ਸਿੱਖ ਗਏ। ਦੂਸਰਾ ਕੰਟੈਕਟ ਉਨ੍ਹਾਂ ਨੇ ਹਜ਼ਾਰ ਸ਼ਲਿੰਗ ਵਿੱਚ ਕੀਤਾ। ਇਹੀ ਉਥੇ ਉਸ ਸਮੇਂ ਇੰਨਜੀਨੀਅਰ ਦੀ ਤਨਖਾਹ ਸੀ। ਅਫਰੀਕਾ ਦੇ ਤਨਜ਼ਾਨੀਆਂ ਦੇਸ਼ ਵਿੱਚ ਇੱਕ ਬਹੁਤ ਵਧੀਆ ਪਿਰਤ ਹੈ, ਨੈਰੋਬੀ ਯੁਗਾਂਡਾ ਬਾਰੇ ਮੈਂ ਜਾਣਦਾ ਨਹੀਂ। ਇਥੇ ਸਟੇਜ ਉਪਰ ਕਿਸੇ ਰਾਗੀ ਜਾਂ ਗਰੰਥੀ ਨੂੰ ਕੀਰਤਨ ਕਰਦਿਆਂ ਪੈਸਾ ਨਹੀਂ ਦਿੱਤਾ ਜਾਂਦਾ। ਤਨਖਾਹ ਰੱਜਵੀਂ ਦਿੱਤੀ ਜਾਂਦੀ ਹੈ। ਬੰਦੇ ਦੀ ਸੁਰਤਿ ਮਾਇਆ ਵੱਲ ਜਾਂਦੀ ਹੀ ਨਹੀਂ। ਮੈਂ ਕੰਟੈਕਟ ਸਾਈਨ ਕਰਕੇ ਤਿੰਨ ਮਹੀਨੇ ਲਈ ਇੰਡੀਆ ਆ ਗਿਆ। ਇਹ ਮਈ 1984 ਦੀ ਗੱਲ ਹੈ। ਅਸੀਂ ਹਰਿਆਣੇ ਵਿੱਚ ਰਹਿੰਦੇ ਸਾਂ। ਹਾਲਾਤ ਦਿਨੋਂ ਦਿਨ ਖਰਾਬ ਹੋ ਰਹੇ ਸਨ। ਆਂਢੀਆਂ ਗਵਾਂਢੀਆਂ ਦੀਆਂ ਨਜ਼ਰਾਂ ਹੀ ਬਦਲ ਗਈਆਂ ਸਨ। ਸ਼ੁਕਰ ਇਹ ਸੀ ਕਿ ਅਸੀਂ ਪਿੰਡ ਵਿੱਚ ਨਹੀਂ ਸਾਂ ਰਹਿੰਦੇ। ਆਪਣੇ ਖੇਤਾਂ ਵਿੱਚ ਹੀ ਘਰ ਪਾਇਆ ਹੋਇਆ ਸੀ। ਸਾਡੇ ਚੜ੍ਹਦੇ ਵੀ ਇੱਕ ਸਿੱਖ ਪਰਿਵਾਰ ਸੀ ਜੋ ਫਿਰੋਜ਼ਪੁਰ ਵੱਲੋਂ ਆਇਆ ਹੋਇਆ ਸੀ ਤੇ ਦੱਖਣ ਵੱਲ ਦੋ ਪਰਿਵਾਰ ਸਨ। ਇੱਕ ਪਠਾਨਕੋਟ ਤੋਂ ਦੂਸਰਾ ਪਰਿਵਾਰ ਪਿਪਲੀ ਕੋਲੋਂ ਕਿਸ਼ਨਗੜ੍ਹੋਂ ਉਠਕੇ ਜ਼ਮੀਨ ਲੈ ਕੇ ਖੇਤਾਂ ਵਿੱਚ ਬੈਠਾ ਸੀ। ਸਾਡਾ ਆਪਸ ਵਿੱਚ ਬਹੁਤ ਵਧੀਆ ਸਹਿਚਾਰ ਸੀ। ਹਾਲਾਤ ਦਾ ਮੁਕਾਬਲਾ ਕਰਨ ਲਈ ਅਸੀਂ ਇੱਕ ਸਾਂ। ਸਾਡੇ ਸਾਰਿਆਂ ਕੋਲ ਬੰਦੂਕਾਂ ਸਨ ਲਾਇਸੰਸੀ। ਜੂਨ ਮਹੀਨਾ ਚੜ੍ਹਿਆ ਹੀ ਸੀ। ਕਿ ਇੰਦਰਾ ਗਾਂਧੀ ਦੇਸ਼ ਦੀ ਪਧ੍ਾਨ ਮੰਤਰੀ ਨੇ ਰੇਡੀਓ ਤੇ ਬੜਾ ਜਜ਼ਬਾਤੀ ਭਾਸ਼ਨ ਦਿੱਤਾ। ਗਰਮੀ ਦਾ ਮੌਸਮ ਸੀ। ਅਸੀਂ ਬਾਹਰ ਹੀ ਬੈਠੇ ਸੁਣ ਰਹੇ ਸਾਂ। ਮੈਨੂੰ ਉਦੋਂ ਹੀ ਖੁੜਕ ਗਈ ਕਿ ਕੋਈ ਵੱਡਾ ਭਾਣਾ ਵਰਤਣ ਵਾਲਾ ਹੈ। ਇੰਦਰਾ ਗਾਂਧੀ ਆਪਣੀ ਕਿੜ ਕੱਢ ਰਹੀ ਸੀ। ਕਿਉਂਕਿ ਐਮਰਜੰਸੀ ਦੇ ਵਿਰੋਧ ਵਿੱਚ ਕੇਵਲ ਪੰਜਾਬੀ ਸਿੱਖ ਹੀ ਡਟੇ ਸਨ ਤੇ ਮੋਰਚਾ ਲਾ ਕੇ ਉਸਦੇ ਨਾਸੀਂ ਧੂੰਆ ਲਿਆ ਦਿੱਤਾ ਸੀ। ਇਸੇ ਲਈ ਉਸਨੇ ਸਿੱਖਾਂ ਨੂੰ ਸਬਕ ਸਿਖਾਣ ਲਈ ਦਰਬਾਰ ਸਾਹਿਬ ਤੇ ਹਮਲੇ ਦਾ ਦਿਨ 4 ਜੂਨ ਮਿਥਿਆ, ਜਿਸ ਦਿਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਸੀ। ਜਦੋਂ ਸ਼ਰਧਾਲੂ ਸਿੱਖ ਗੁਰਪੁਰਬ ਮਨਾਉਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਹੋਏ ਸਨ।

ਇਸ ਹਮਲੇ ਬਾਰੇ ਅਨੇਕਾਂ ਪੁਸਤਕਾਂ ਛੱਪ ਚੁੱਕੀਆਂ ਹਨ, ਹੱਕ ਵਿੱਚ ਵੀ ਤੇ ਵਿਰੋਧ ਵਿੱਚ ਵੀ। ਪਰ ਜਿਹੜਾ ਪਾੜਾ ਉਨ੍ਹਾਂ ਦਿਨਾਂ ਵਿਚ ਹਿੰਦੂਆਂ ਤੇ ਸਿੱਖਾਂ ਵਿੱਚ ਪਿਆ, ਉਹ ਅਤਿਅੰਤ ਮੰਦ ਭਾਗਾ ਸੀ। ਸ੍ਰੀ ਅਕਾਲ ਤਖਤ ਸਾਹਿਬ ਦਾ ਢਹਿ ਢੇਰੀ ਹੋਣਾ। ਸ੍ਰੀ ਦਰਬਾਰ ਸਾਹਿਬ ਤੇ 329 ਗੋਲੀਆਂ ਦੇ ਨਿਸ਼ਾਨ ਇੱਕ ਸੂਰਮਾ ਰਾਗੀ ਸਿੰਘ ਦੀ ਸ਼ਹੀਦੀ ਤੇ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਨੂੰ ਗੋਲੀ ਲਗਣੀ, ਜਿਥੇ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰ ਗਈ, ਉਥੇ ਕਈ ਜਨੂੰਨੀ ਹਿੰਦੂਆਂ ਵਲੋਂ ਖੁਸ਼ੀ ਵਿੱਚ ਲੱਡੂ ਵੰਡਣੇ, ਭੰਗੜੇ ਪਾਉਣੇ, ਹਮਲਾਵਰ ਫੌਜੀਆਂ ਦਾ ਵਿਸ਼ੇਸ਼ ਸਨਮਾਨ ਕਰਨਾ, ਇਸ ਨਾਲ ਸਦੀਆਂ ਦੀ ਸਾਂਝ ਵਿੱਚ ਤ੍ਰੇੜਾਂ ਪਈਆਂ। ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਨਾਲ ਉਨ੍ਹਾਂ ਦੇ ਸ਼ਰਧਾਲੂ ਸਿੱਖ ਖਾੜਕੂ ਨੌ-ਜਵਾਨ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ ਜੀ ਆਦਿ ਅਨੇਕਾਂ ਹੀ ਸਨਮੁਖ ਰਹਿਕੇ ਲੜਦੇ ਹੋਏ ਸ਼ਹੀਦੀਆਂ ਪਾ ਗਏ। ਜਦੋਂ ਕੁਝ ਠੰਢ ਠੰਢਾਉਰਾ ਹੋਇਆ ਤੇ ਆਮ ਸ਼ਰਧਾਲੂਆਂ ਲਈ



ਸਰਕਾਰ ਵਲੋਂ ਆਉਣ ਵਾਸਤੇ ਇਜਾਜ਼ਤ ਮਿਲੀ ਤਾਂ ਮੈਂ ਵੀ ਗਿਆ। ਅਜੇ ਪਰਕਰਮਾਂ ਵਿੱਚੋਂ ਖੂਨ ਦੇ ਧੱਬੇ ਸਾਫ਼ ਨਹੀਂ ਸਨ ਹੋਏ। ਬਾਬਾ ਦੀਪ ਸਿੰਘ ਜੀ ਦੇ ਦੱਖਣੀ ਬਾਹੀ ਦੇ ਅਸਥਾਨ ਉਤੇ ਜਿਥੋਂ ਟੈਂਕ ਅੱਗੇ ਨਹੀਂ ਜਾ ਸਕੇ ਸਨ, ਉਥੇ ਪਰਕਰਮਾ ਦਾ ਦੱਬ ਕੇ ਟੁੱਟਾ ਹੋਇਆ ਪੱਥਰ ਸਾਫ਼ ਦਿਸ ਰਿਹਾ ਸੀ। ਹਰ ਸ਼ਰਧਾਲੂ ਦੀ ਅੱਖ ਵਿੱਚ ਅਥਰੂ ਸਨ ਤੇ ਜ਼ੁਬਾਨ ਉਤੇ ਹਾਕਮਾਂ ਨੂੰ ਦੁਰਸੀਸਾਂ, ਮੈਂ ਭਾਵੁਕ ਹੋਕੇ ਬਹੁਤ ਵਾਰੀ ਰੋਇਆ। ਜ਼ਿੰਦਗੀ ਵਿਚੋਂ ਮੇਰੇ ਵਾਸਤੇ ਇਹ ਪਹਿਲਾਂ ਦਿਨ ਸੀ, ਜਦੋਂ ਦਰਬਾਰ ਸਾਹਿਬ ਦੇ ਦਰਸ਼ਨ ਕਰਦਿਆਂ ਤੇ ਕੀਰਤਨ ਸੁਣਦਿਆਂ ਮਨ ਉਖੜਿਆ ਰਿਹਾ। ਸ਼ਰਧਾਲੂ ਕੀਰਤਨ ਘੱਟ ਸੁਣ ਰਹੇ ਸਨ ਤੇ ਦਰਬਾਰ ਸਾਹਿਬ ਨੂੰ ਵੱਜੀਆਂ ਗੋਲੀਆਂ ਉਹ ਵੀ ਆਪਣੇ ਦੇਸ਼ ਦੇ ਫੌਜੀਆਂ ਹੱਥੋਂ, ਗਿਣ ਵੱਧ ਰਹੇ ਸਨ। ਬੀਬੀਆਂ ਕੁਝ ਵਧੇਰੇ ਹੀ ਭਾਵੁਕ ਹੋਕੇ ਰੋਂਦੀਆਂ ਦੇਖੀਆਂ। ਮੈਂ ਅਕਾਲ ਤਖਤ ਸਾਹਿਬ ਜੀ ਦੇ ਹੈਡ ਗਰੰਥੀ ਗਿਆਨੀ ਪ੍ਰੀਤਮ ਸਿੰਘ ਜੀ ਨੂੰ ਮਿਲਿਆ। ਉਸ ਸਮੇਂ ਤੱਕ ਇਹ ਅਫਵਾਹਾਂ ਬਹੁਤ ਗਰਮ ਸਨ ਕਿ ਸੰਤ ਭਿੰਡਰਾਂ ਵਾਲੇ ਬਚਕੇ ਪਾਕਿਸਤਾਨ ਚਲੇ ਗਏ ਹਨ। ਉਨ੍ਹਾਂ ਤੋਂ ਸੰਤਾਂ ਬਾਰੇ ਪੁੱਛਿਆ ਤਾਂ ਗਿਆਨੀ ਪ੍ਰੀਤਮ ਸਿੰਘ ਜੀ ਕਹਿਣ ਲੱਗੇ ਕਿ ਇਨ੍ਹਾਂ ਦਿਨਾਂ ਵਿੱਚ ਜਦੋਂ ਸੰਤਾਂ ਦੀ ਰਿਹਾਇਸ਼ ਅਕਾਲ ਤਖਤ ਸਾਹਿਬ ਤੇ ਸੀ, ਉਹ ਆਮ ਕਰਕੇ ਸੀਸ ਤੇ ਵੱਡਾ ਪਟਕਾ (ਛੋਟੀ ਦਸਤਾਰ) ਹੀ ਸਜਾ ਕੇ ਰੱਖਦੇ ਸਨ। ਪਰ 6 ਜੂਨ ਵਾਲੇ ਦਿਨ ਉਨ੍ਹਾਂ ਕੇਸਰੀ ਦਸਤਾਰ ਸਜਾਈ ਹੋਈ, ਹੱਥ ਵਿੱਚ ਤੀਰ, ਬੁੱਲ੍ਹਾਂ ਵਿੱਚ ''ਰਣ ਦੇਖਿ ਸੂਰੇ ਚਿਤਿ ਉਲਾਸ'' ਦੀਆਂ ਪੰਕਤੀਆਂ ਪੜ੍ਹਦੇ ਪਰਕਰਮਾ ਕਰ ਰਹੇ ਸਨ। ਮੈਂ ਉਸ ਵੇਲੇ ਉਥੇ ਹਾਜ਼ਰ ਸਾਂ। ਮੈਨੂੰ ਇਹ ਕਹਿਣ ਵਿੱਚ ਰਤੀ ਵੀ ਝਿਜਕ ਨਹੀਂ ਕਿ ਸੰਤ ਜੀ ਸ਼ਹੀਦ ਹੋ ਗਏ ਸਨ।

*ਚਲਦਾ....*

52 YEARS OF EXCELLENCE
1973 THE LINK GROUP 2024
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The
Builders Buy!
NEW HOME
SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry

# ਕੋਈ ਵੀ ਨਹੀਂ ਚਾਹੁੰਦਾ ਬੁੱਢਾ ਹੋਣਾ

ਇਨਸਾਨ ਨਹੀਂ ਚਾਹੁੰਦਾ ਕਿ ਉਹ ਬੁੱਢਾ ਹੋਵੇ, ਫਿਰ ਵੀ ਬੁਢਾਪਾ ਹਰ ਇਨਸਾਨ 'ਤੇ ਆਉਂਦਾ ਹੈ। ਕਈਆਂ ਲਈ ਬੁਢਾਪਾ ਵੀ ਵਰਦਾਨ ਸਾਬਤ ਹੁੰਦਾ ਹੈ ਪਰ ਕਈ ਬੁਢਾਪੇ ਵਿੱਚ ਬੜੀਆਂ ਔਕੜਾਂ ਤੇ ਤਕਲੀਫ਼ਾਂ ਝੱਲਦੇ ਹਨ। ਕਈ ਇਹ ਮੰਨਣ ਲਈ ਤਿਆਰ ਨਹੀਂ ਹੁੰਦੇ ਕਿ ਉਹ ਬੁੱਢੇ ਹੋ ਚੁੱਕੇ ਹਨ। ਸਗੋਂ ਸਾਰੀ ਜ਼ਿੰਦਗੀ ਉਹ ਆਪਣੀ ਜ਼ਿੰਦਗੀ ਦੀ ਚਾਦਰ ਨੂੰ ਰੰਗ ਚਾੜ੍ਹੀ ਰੱਖਦੇ ਹਨ। ਬੁਢਾਪੇ ਵੇਲੇ ਵੀ ਵਾਲ ਰੰਗ ਕੇ ਜਵਾਨ ਬਣੇ ਰਹਿੰਦੇ ਹਨ। ਇਹ ਮੰਨਣ ਲਈ ਕਦੇ ਵੀ ਤਿਆਰ ਨਹੀਂ ਹੁੰਦੇ ਕਿ ਉਹ 70 ਸਾਲ ਦੇ ਹੋ ਚੁੱਕੇ ਹਨ। ਸਗੋਂ ਜਵਾਨਾਂ ਵਾਂਗ ਮਟਕ-ਮਟਕ ਚਾਲ ਚੱਲਦੇ ਹਨ ਤੇ ਸੋਚਦੇ ਹਨ, ਮੇਰੇ 'ਤੇ ਤਾਂ ਕਦੇ ਵੀ ਬੁਢਾਪਾ ਨਹੀਂ ਆਵੇਗਾ। ਮੈਂ ਸਦਾ ਲਈ ਜਵਾਨ ਬਣਿਆ ਰਹਾਂਗਾ। ਮੇਰੀ ਸਿਹਤ ਹਮੇਸ਼ਾਂ ਜਵਾਨਾਂ ਵਰਗੀ ਰਹੇਗੀ ਤੇ ਮੈਂ ਅੰਬਰਾਂ 'ਤੇ ਉਡਾਰੀ ਭਰਦਾ ਰਹਾਂਗਾ।'



ਜਿਹੜੇ ਇਨਸਾਨ ਬੁਢਾਪੇ ਵੇਲੇ ਜਵਾਨਾਂ ਵਾਂਗ ਵਿਚਰਦੇ ਹਨ, ਉਨ੍ਹਾਂ ਤੋਂ ਇਹ ਸਾਫ਼ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਖ਼ੂਬਸੂਰਤੀ ਨਾਲ ਗੁਜ਼ਾਰੀ ਹੈ। ਉਨ੍ਹਾਂ ਨੇ ਜਵਾਨੀ ਵੇਲੇ ਮਿਹਨਤਾਂ ਕਰਕੇ ਧਨ ਕਮਾਇਆ ਹੈ ਤੇ ਹੁਣ ਬੁੱਢੇ ਬਾਰੇ ਉਹ ਆਰਾਮ ਦਾ ਜੀਵਨ ਬਸਰ ਕਰਦੇ ਹਨ। ਘਰ ਦੀ ਕੋਠੀ ਜਾਂ ਘਰ ਦੇ ਬਗੀਚੇ ਵਿੱਚ ਬੈਠੇ ਉਹ ਖਿੜਦੇ ਗੁਲਾਬ ਦੀ ਝਲਕ ਵੇਖਦੇ ਹਨ। ਆਪਣੇ ਸਮੁੱਚੇ ਜੀਵਨ ਨੂੰ ਵੀ ਇਸ ਖਿੜੇ ਗੁਲਾਬ ਨਾਲ ਤੁਲਨਾ ਦੇ ਕੇ ਖ਼ੁਸ਼ ਹੁੰਦੇ ਹਨ। ਆਪਣੀਆਂ ਪ੍ਰਾਪਤੀਆਂ ਦੀ ਲੰਬੀ ਸੂਚੀ ਵੇਖ ਕੇ ਫੁੱਲੇ ਨਹੀਂ ਸਮਾਉਂਦੇ ਤੇ ਫਿਰ ਆਪਣੀ ਔਲਾਦ ਨੂੰ ਵੀ ਆਪਣੇ ਜਿਹਾ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੇ ਹਨ। ਅਜਿਹਾ ਬੇਦਾਗ਼ ਜੀਵਨ ਤੇ ਬੁਢਾਪਾ ਰਸ਼ਕ ਕਰਨ ਯੋਗ ਹੁੰਦਾ ਹੈ। ਜਿਹੜੇ ਬੁਢਾਪੇ ਵੇਲੇ ਵੀ ਜਵਾਨ ਵਿਖਾਈ ਦੇਣ। ਇਸ ਨਾਲੋਂ ਵੱਡੀ ਖ਼ੁਸ਼ੀ ਤੇ ਖ਼ੁਸ਼ਕਿਸਮਤੀ ਕੀ ਹੋ ਸਕਦੀ ਹੈ?

ਇਨਸਾਨ ਬੁੱਢਾ ਉਦੋਂ ਹੀ ਹੁੰਦਾ ਹੈ ਜਦੋਂ ਉਹ ਆਪਣੀ ਭਾਲ ਖ਼ਤਮ ਕਰ ਬੈਠਦਾ ਹੈ। ਜਦੋਂ ਉਸ ਦੀ ਜ਼ਿੰਦਗੀ ਦੇ ਸਰੋਤ ਸੁੱਕ ਜਾਂਦੇ ਹਨ। ਜਦੋਂ ਉਹ ਇਸ ਸੰਸਾਰ ਪ੍ਰਤੀ ਆਪਣੀ ਜਗਿਆਸਾ ਖ਼ਤਮ ਕਰ ਬੈਠਦਾ ਹੈ, ਨਵੀਆਂ ਪਛਾਣਾਂ ਤੇ ਨਵੀਆਂ ਸਾਂਝਾਂ ਨਾਲ ਤਾਂ ਜ਼ਿੰਦਗੀ ਮੁਰਝਾਏ ਪੌਦੇ ਦੀ ਤਰ੍ਹਾਂ ਫਿਰ ਤੋਂ ਮੌਲ਼ ਪੈਂਦੀ ਹੈ।

ਜਿਵੇਂ ਬੂਟੇ ਨੂੰ ਪਾਣੀ ਪਾਇਆਂ ਪੱਤੇ ਸਿਰ ਚੁੱਕ ਲੈਂਦੇ ਹਨ। ਇਸ ਹੀ ਇੱਕ ਇਨਸਾਨ ਦੀ ਦੂਜੇ ਇਨਸਾਨ ਦੇ ਨਾਲ ਸੁਰਤਾਲ ਤੇ ਸਾਂਝ ਜ਼ਿੰਦਗੀ ਵਿੱਚ ਨਵੀਂ ਰੂਹ ਫੂਕਦੀ ਹੈ। ਜਿੱਥੇ ਚਾਰ ਇਨਸਾਨ ਇਕੱਠੇ ਬੈਠਦੇ ਹਨ, ਉੱਥੇ ਗੱਲਾਂ ਦੀ ਧੂਣੀ ਜ਼ਿੰਦਗੀ ਨੂੰ ਗਰਮਾ ਕੇ ਰੱਖਦੀ ਹੈ। ਇਨਸਾਨ ਬੁਝੇ ਚੁੱਲ੍ਹੇ ਵਾਂਗ ਨਹੀਂ ਹੋਣਾ ਚਾਹੀਦਾ, ਸਗੋਂ ਇਨਸਾਨ ਦੇ ਦਿਲ ਵਿੱਚ ਬਲ਼ਦਾ ਸੇਕ ਤੇ ਅਗਨੀ ਦਾ ਸਪਰਸ਼ ਹੋਣਾ ਚਾਹੀਦਾ ਹੈ। ਜਿੱਥੇ ਅਰਮਾਨਾਂ ਦੀ ਭੱਠੀ ਸਦਾ ਤਪਦੀ ਰਹਿੰਦੀ ਹੈ ਉੱਥੇ ਜ਼ਿੰਦਗੀ ਭਲਾ ਬੁੱਢੀ ਕਿਵੇਂ ਹੋਵੇਗੀ। ਉੱਥੇ ਖ਼ਿਆਲਾਂ ਦੇ ਪੰਛੀ ਸਦਾ ਉਡਾਣਾਂ ਭਰਦੇ ਹਨ। ਉੱਥੇ ਭਲਾਂ ਇਨਸਾਨ, ਉਦਾਸ ਕਿਵੇਂ ਰਹਿ ਸਕਦਾ ਹੈ। ਜ਼ਿੰਦਗੀ ਦੀ ਮਘਦੀ ਚੰਗਿਆੜੀ ਜ਼ਿੰਦਗੀ ਨੂੰ ਲੰਬੀ ਉਮਰ ਬਖ਼ਸ਼ਦੀ ਹੈ ਤੇ ਬੁਢਾਪੇ ਬਾਰੇ ਵੀ ਇਨਸਾਨ ਇਨ੍ਹਾਂ ਪੰਛੀਆਂ ਤੇ ਰੁੱਖਾਂ ਨਾਲ ਆਪਣੀ ਸਾਂਝ ਮਹਿਸੂਸ ਕਰਦਾ ਹੈ। ਉੱਥੇ ਕਦੀ ਬੁਢਾਪਾ ਨਹੀਂ ਆਉਂਦਾ।

ਇਸ ਸੰਸਾਰ ਨਾਲ ਨਿੱਘੀ ਸਾਂਝ, ਬੱਚਿਆਂ ਨਾਲ ਪਿਆਰ ਚੋਹਲ ਤੇ ਲੰਬੀਆਂ ਸੈਰਾਂ ਜਿੱਥੇ ਬੁਢਾਪੇ ਦੇ ਆਖ਼ਰੀ ਪੜਾਵ 'ਤੇ ਵੀ ਜ਼ਿੰਦਗੀ ਨੂੰ ਤਰੋ-ਤਾਜ਼ਾ ਰੱਖਦੀਆਂ ਹਨ, ਉੱਥੇ ਇਨਸਾਨ ਨੂੰ ਇਹ ਸੋਚਣ ਦਾ ਵਕਤ ਹੀ ਨਹੀਂ ਮਿਲਦਾ ਕਿ ਬੁਢਾਪਾ ਕਦ ਆਉਂਦਾ ਹੈ ਤੇ ਬੁੱਢਾ ਇਨਸਾਨ ਕਦੋਂ ਬੇਵੱਸ ਤੇ ਬੇਜਾਨ ਹੁੰਦਾ ਹੈ। ਅਜਿਹਾ ਖ਼ੂਬਸੂਰਤ ਬੁਢਾਪਾ ਉਨ੍ਹਾਂ 'ਤੇ ਆ ਸਕਦਾ ਹੈ, ਜਿਨ੍ਹਾਂ ਦੀ ਆਮਦਨ ਚੋਖੀ ਹੈ। ਕਿਸੇ ਕਿਸਮ ਦਾ ਫ਼ਿਕਰ ਨਹੀਂ। ਸਗੋਂ ਧੀਆਂ-ਪੁੱਤਰ ਵੀ ਵਿਆਹੇ ਵਰ੍ਹੇ ਹਨ। ਸਭ ਧੀਆਂ ਪੁੱਤਰ ਆਪਣੀ-ਆਪਣੀ ਥਾਂ ਠੀਕ ਫਰਜ਼ ਨਿਭਾਅ ਰਹੇ ਹਨ। ਤੁਸੀਂ ਕਿਸੇ ਵੇਲੇ ਵੀ ਆਪਣੇ ਕਿਸੇ ਪੁੱਤਰ ਜਾਂ ਧੀ ਕੋਲ ਆ ਜਾ ਸਕਦੇ ਹੋ ਤਾਂ ਤੁਸੀਂ ਬਹੁਤ ਕਿਸਮਤ ਵਾਲੇ ਹੋ।

ਬੁਢਾਪਾ ਉਨ੍ਹਾਂ ਲਈ ਦੋਜ਼ਖ਼ ਸਮਾਨ ਹੁੰਦਾ ਹੈ ਜਿਨ੍ਹਾਂ ਦੀ ਜੇਬ ਖ਼ਾਲੀ ਹੋਵੇ। ਕੋਈ ਵੀ ਪੁੱਤਰ ਜਾਂ ਧੀ ਸਹਾਇਤਾ ਕਰਨ ਲਈ ਤਿਆਰ ਨਾ ਹੋਵੇ। ਜੇਕਰ ਤੁਹਾਡਾ ਜੀਵਨ ਸਾਥੀ ਇਸ ਬੁਢਾਪੇ ਦੀ ਉਮਰ ਵਿੱਚ ਤੁਹਾਡਾ ਸਾਥ ਨਿਭਾਅ ਰਿਹਾ ਹੈ ਤਾਂ ਤੁਸੀਂ ਇਸ ਔਖੀ ਘੜੀ ਵਿੱਚ ਵੀ ਸੁੱਖੀਂ ਸਾਂਦੀ ਬਾਹਰ ਜਾ ਸਕਦੇ ਹੋ। ਪਰ ਜੇ ਕੋਈ ਇਕੱਲਾ ਹੀ ਹੋਵੇ ਤੇ ਜੀਵਨ ਸਾਥੀ ਵੀ ਰੱਬ ਨੂੰ ਪਿਆਰਾ ਹੋ ਚੁੱਕਾ ਹੋਵੇ ਤਾਂ ਅਜਿਹਾ ਬੁਢਾਪਾ ਨਰਕ ਸਮਾਨ ਹੁੰਦਾ ਹੈ। ਇਹ ਵੀ ਸਚਾਈ ਹੈ ਕਿ ਇਨਸਾਨ, ਜੇ ਚਾਹੇ ਤਾਂ ਬੁਢਾਪੇ ਨੂੰ ਖ਼ੂਬਸੂਰਤ ਬਣਾ ਸਕਦਾ ਹੈ। ਇਸ ਉਮਰ ਵਿੱਚ ਵੀ ਸ਼ੌਕ ਪਾਲ ਕੇ ਆਪਣੀ ਜ਼ਿੰਦਗੀ ਰੰਗੀਨ ਬਣਾ ਸਕਦਾ ਹੈ। ਕਿਸੇ ਸੌਖੇ ਕਿੱਤੇ ਦੇ ਲੜ ਲੱਗ ਕੇ ਉਹ ਉਮਰ ਨੂੰ ਹੋਰ ਲੰਬੀ ਕਰ ਸਕਦਾ ਹੈ। ਜਿਸ ਨੂੰ ਇਸ ਉਮਰ ਵਿੱਚ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ, ਉਹ ਕਦੇ ਅਜਿਹਾ ਮਹਿਸੂਸ ਨਹੀਂ ਕਰਦੇ। ਕਈ ਲਿਖਾਰੀ ਇਸ ਬੁਢਾਪੇ ਦੀ ਉਮਰ ਵਿੱਚ ਉਹ ਲਿਖਤਾਂ ਵੀ ਲਿਖ ਜਾਂਦੇ ਹਨ ਜਿਹੜੀਆਂ ਉਹ ਜਵਾਨੀ ਵਿੱਚ ਨਹੀਂ ਲਿਖ ਸਕੇ।

ਇਹ ਉਮਰ ਜ਼ਿੰਦਗੀ ਦਾ ਨਿਚੋੜ ਕੱਢਣ ਵਾਂਗ ਹੁੰਦੀ ਹੈ। ਇਸ ਉਮਰ ਵਿੱਚ ਲਏ ਫ਼ੈਸਲੇ, ਰੱਬੀ ਹੁਕਮ ਵਰਗੇ ਹੁੰਦੇ ਹਨ। ਇਸੇ ਲਈ ਜੇ ਕੋਈ ਮਸਲਾ ਉਲਝਿਆ ਹੋਵੇ ਤਾਂ ਸਿਆਣਿਆਂ ਦੀ ਸਲਾਹ ਲਈ ਜਾਂਦੀ ਹੈ। ਕਈ ਇਸ ਉਮਰ ਵਿੱਚ ਗੌਤਮ ਬੁੱਧ ਵਾਂਗ ਰੌਸ਼ਨ ਦਿਮਾਗ਼ ਤੇ ਚਾਨਣ ਵੰਡਣ ਦੇ ਸਮਰੱਥ ਹੋ ਜਾਂਦੇ ਹਨ। ਇਸ ਉਮਰ ਵਿੱਚ ਇਨਸਾਨ ਜੇ ਚੁੱਪ ਰਹਿਣਾ ਸਿੱਖ ਲਵੇ ਤਾਂ ਸੌਖੀ ਉਮਰ ਭੋਗਦਾ ਹੈ ਪਰ ਕਈ ਇਨਸਾਨ ਇਸ ਉਮਰ ਵਿੱਚ ਵੀ ਕੋਈ ਨਾ ਕੋਈ ਨੁਕਤਾਚੀਨੀ ਕਰਦੇ ਹੀ ਰਹਿੰਦੇ ਹਨ। ਇਸ ਕਰਨ ਨਾਲ ਉਹ ਪਰਿਵਾਰ ਵਿੱਚ ਆਪਣੀ ਸ਼ਾਖ ਗਵਾ ਲੈਂਦੇ ਹਨ। ਕੋਈ ਉਨ੍ਹਾਂ ਦੀ ਪਰਵਾਹ ਨਹੀਂ ਕਰਦਾ। ਸਗੋਂ ਝਿੜਕਾਂ ਤੇ ਗਾਲ੍ਹਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਚੰਗਾ ਹੈ ਇੱਕ ਰੁੱਖ ਵਾਂਗ ਅਡੋਲ ਰਹਿ ਕੇ ਬੁਢਾਪਾ ਗੁਜ਼ਾਰ ਲਿਆ ਜਾਵੇ। ਇਹ ਇੱਕ ਸੱਚਾਈ ਹੈ ਕਿ ਇਨਸਾਨ ਕਦੇ ਵੀ ਮਰਨਾ ਨਹੀਂ ਚਾਹੁੰਦਾ। ਬੁੱਢੇ ਬਾਰੇ ਵੀ ਔਖਾ-ਸੌਖਾ, ਸਾਹ ਲੈ ਕੇ ਜੀਵੀ ਜਾਂਦਾ ਹੈ। ਕਈ ਰੁੱਖਾਂ ਦੀ ਜੀਰਾਂਦ ਵਰਗੇ ਇਨਸਾਨ ਸੌ ਸਾਲ ਦੀ ਉਮਰ ਭੋਗ ਕੇ ਮਰਦੇ ਹਨ ਪਰ ਜੇ ਤੁਸੀਂ ਕੇਵਲ ਅੰਨ ਖਾਣ ਲਈ ਜੀਵਿਤ ਹੋ ਤਾਂ ਇਹ ਕਾਹਦਾ ਜੀਵਨ। ਜੀਵੋ ਇਸ ਤਰ੍ਹਾਂ ਕਿ ਤੁਸੀਂ ਬੁਢਾਪੇ ਵੇਲੇ ਵੀ ਕਈਆਂ ਦੀ ਲੋੜ ਪੂਰੀ ਕਰ ਸਕੋ। ਕਈਆਂ ਦੇ ਦੁਖ-ਸੁਖ ਵੰਡਾ ਸਕੋ। ਕਈਆਂ ਦਾ ਹੁੰਗਾਰਾ ਭਰ ਕੇ ਜ਼ਿੰਦਗੀ ਵਿੱਚ ਜੋਸ਼ ਤੇ ਉਤਸ਼ਾਹ ਭਰ ਸਕੋ।

—ਅਜੀਤ ਸਿੰਘ ਚੰਦਨ






# ਖ਼ੂਬਸੂਰਤ ਗਹਿਣਾ ਸਾਦਗੀ



ਸਾਦਗੀ ਸਭ ਤੋਂ ਵੱਡਾ ਗਹਿਣਾ ਹੈ। ਇਹ ਗਹਿਣਾ ਭਾਵੇਂ ਕਿਸੇ ਬਜ਼ੁਰਗ ਨੇ, ਜਵਾਨ ਨੇ ਜਾਂ ਬੱਚੇ ਨੇ ਪਹਿਨਿਆ ਹੋਵੇ ਸਭ ਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ। ਸਾਦਗੀ ਮਨ ਨੂੰ ਤਰੋਤਾਜ਼ਾ ਕਰਨ ਵਾਲੀ ਇੱਕ ਮਹਿਕ ਹੈ। ਸਾਦਗੀ ਵਿੱਚ ਜੀਵਨ ਦੀ ਸੰਪੂਰਨਤਾ ਹੈ। ਚਕਾਚੌਂਧ ਭਰਿਆ ਜੀਵਨ ਸਿਰਫ਼ ਦਿਖਾਵਾ ਹੈ ਜੋ ਆਉਂਦਾ-ਜਾਂਦਾ ਰਹਿੰਦਾ ਹੈ ਪਰ ਸਾਦਗੀ ਅਮਰ ਹੈ। ਮਾਨਸਿਕ ਖ਼ੁਸ਼ੀ ਲਈ ਸਾਦਗੀ ਬਹੁਤ ਜ਼ਰੂਰੀ ਹੈ। ਭੌਤਿਕ ਸੁੱਖ ਸਹੂਲਤਾਂ, ਮਹਿੰਗੇ ਕੱਪੜੇ, ਮਹਿੰਗੀਆਂ ਕਾਰਾਂ, ਚੰਗੇ ਪਕਵਾਨ, ਵੱਡੀਆਂ ਕੋਠੀਆਂ ਹੋਣ ਦੇ ਬਾਵਜੂਦ ਜੇਕਰ ਸਾਡੇ ਮਨ ਅੰਦਰ ਉਲਝਣ ਅਤੇ ਖਲਬਲੀ ਹੈ ਤਾਂ ਇਹ ਖ਼ੁਸ਼ੀ ਨਹੀਂ।

ਖ਼ੁਸ਼ੀ ਦਾ ਅਰਥ ਹੈ ਮਨ ਦਾ ਸ਼ਾਂਤ ਹੋਣਾ, ਸਵੈ ਸੰਤੁਸ਼ਟੀ ਹੋਣੀ। ਜਿਸ ਵਿਅਕਤੀ ਕੋਲ ਸੋਝੀ ਹੈ, ਭਾਵੇਂ ਉਸ ਸੋਝੀ ਦਾ ਆਧਾਰ ਅਧਿਆਤਮਕਤਾ ਹੀ ਹੋਵੇ, ਉਹ ਭੌਤਿਕ ਤ੍ਰਿਸ਼ਨਾਵਾਂ ਦੀ ਅੰਨ੍ਹੀਂ ਦੌੜ ਵਿੱਚ ਸ਼ਾਮਲ ਨਹੀਂ ਹੁੰਦਾ। ਮਨੁੱਖੀ ਮਨ ਅਕਸਰ ਚਕਾਚੌਂਧ ਅਤੇ ਦਿਖਾਵੇ ਵੱਲ ਖਿੱਚਿਆ ਜਾਂਦਾ ਹੈ। ਬਹੁਤੇ ਦੁੱਖ ਅਸੀਂ ਚਕਾਚੌਂਧ ਵਾਲਾ ਜੀਵਨ ਜਿਊਣ ਕਰਕੇ ਹੀ ਪੈਦਾ ਕਰ ਲੈਂਦੇ ਹਾਂ। ਅਸੀਂ ਜਿਸ ਖ਼ੁਸ਼ੀ ਦੀ ਭਾਲ ਕਰਦੇ ਹਾਂ ਉਹ ਖ਼ੁਸ਼ੀ ਸਾਨੂੰ ਸਾਦਗੀ ਵਾਲੇ ਜੀਵਨ ਵਿੱਚੋਂ ਹਾਸਲ ਹੋ ਸਕਦੀ ਹੈ। ਸਾਡੇ ਤਨ ਅਤੇ ਮਨ ਦਾ ਗਹਿਰਾ ਸਬੰਧ ਹੈ। ਮਨੁੱਖ ਦੀ ਇਹ ਫਿਤਰਤ ਹੈ ਕਿ ਉਹ ਤਨ ਦੀ ਖ਼ੁਸ਼ੀ ਲਈ ਮਨ ਦਾ ਚੈਨ ਗਵਾ ਲੈਂਦਾ ਹੈ। ਜਦੋਂ ਅਸੀਂ ਇਹ ਸੋਚਣ ਲੱਗ ਜਾਂਦੇ ਹਾਂ ਕਿ ਸੁੱਖ ਸਹੂਲਤਾਂ ਵਾਲੇ ਲੋਕ ਵਧੇਰੇ ਖ਼ੁਸ਼ ਰਹਿੰਦੇ ਹਨ ਤਾਂ ਇਹ ਸਾਡਾ ਤੰਗ ਨਜ਼ਰੀਆ ਹੈ।

ਚਕਾਚੌਂਧ ਵਾਲਾ ਜੀਵਨ ਪਾਉਣ ਲਈ ਅਸੀਂ ਵਿਅਰਥ ਦੀ ਦੌੜ ਭੱਜ ਵਿੱਚ ਮਸ਼ਰੂਫ ਹੋ ਕੇ ਅੰਦਰੂਨੀ ਖ਼ੁਸ਼ੀ ਅਤੇ ਸਕੂਨ ਤੋਂ ਕੋਹਾਂ ਦੂਰ ਚਲੇ ਜਾਂਦੇ ਹਾਂ। ਖ਼ੁਸ਼ੀ ਮਨੁੱਖ ਦੀ ਮੁੱਢਲੀ ਲੋੜ ਹੈ, ਇਸ ਦੀ ਭਾਲ ਮਨੁੱਖ ਨੂੰ ਕਰਦੇ ਰਹਿਣਾ ਚਾਹੀਦਾ ਹੈ। ਅਜਿਹੀ ਖ਼ੁਸ਼ੀ ਦਾ ਕੋਈ ਅਰਥ ਨਹੀਂ ਜੋ ਸਾਨੂੰ ਦੂਜਿਆਂ ਨੂੰ ਦੁੱਖ ਦੇ ਕੇ ਪ੍ਰਾਪਤ ਹੁੰਦੀ ਹੈ। ਸਮਾਜ ਵਿੱਚ ਵਿਚਰਨ ਲਈ ਸਮਾਜ ਦੇ ਹਾਣੀ ਹੋਣਾ ਜ਼ਰੂਰੀ ਹੈ ਪਰ ਸਾਨੂੰ ਇਸ ਗੱਲ ਦੀ ਵੀ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਜੇ ਅਸੀਂ ਸਾਦਗੀ ਵਾਲਾ ਜੀਵਨ ਬਤੀਤ ਕਰਾਂਗੇ ਤਾਂ ਲੋਕ ਕੀ ਕਹਿਣਗੇ। ਸਾਦਗੀ ਦਾ ਸਾਡੀ ਕਾਮਯਾਬੀ ਜਾਂ ਪ੍ਰਸਿੱਧੀ 'ਤੇ ਕੋਈ ਅਸਰ ਨਹੀਂ ਪੈਂਦਾ। ਸਿਆਣਿਆਂ ਨੇ ਸੱਚ ਕਿਹਾ ਹੈ 'ਲਾਲ ਤਾਂ ਜੁੱਲੀਆਂ ਵਿੱਚ ਵੀ ਦਗਦੇ ਹਨ।' ਸਾਡੀਆਂ ਤਰਜੀਹਾਂ ਸਹੀ ਹੋਣੀਆਂ ਚਾਹੀਦੀਆਂ ਹਨ। ਸਾਨੂੰ ਆਪਣੇ ਜੀਵਨ ਦਾ ਮਹੱਤਵ ਅਤੇ ਮੁੱਲ ਤਲਾਸ਼ਣ ਦੀ ਲੋੜ ਹੈ। ਜੇਕਰ ਸਾਡੇ ਰੁਤਬੇ ਵਿੱਚ ਸਾਦਗੀ ਹੈ ਤਾਂ ਦੁਨੀਆ ਦੀ ਹਰ ਮਹਿੰਗੀ ਤੋਂ ਮਹਿੰਗੀ ਸ਼ੈਅ ਉਸ ਦੇ ਸਾਹਮਣੇ ਫਿੱਕੀ ਪੈ ਜਾਂਦੀ ਹੈ।

ਚਕਾਚੌਂਧ ਮਹਿਜ਼ ਇੱਕ ਦਿਖਾਵਾ ਹੈ ਹੋਰ ਕੁਝ ਨਹੀਂ। ਕਈ ਵਾਰ ਅਸੀਂ ਦੂਸਰਿਆਂ ਦਾ ਚਕਾਚੌਂਧ ਵਾਲਾ ਜੀਵਨ ਦੇਖ ਕੇ ਮਾਨਸਿਕ ਰੋਗਾਂ ਦਾ ਬੋਝ ਚੁੱਕੀ ਫਿਰਦੇ ਹਾਂ, ਆਪਣੀ ਕਾਬਲੀਅਤ, ਸਿਹਤ ਅਤੇ ਸਮੇਂ ਦਾ ਨਾਸ਼ ਕਰ ਲੈਂਦੇ ਹਾਂ। ਸਹਿਜਤਾ ਅਤੇ ਸਥਾਈ ਸ਼ਾਂਤੀ ਸਾਦਗੀ 'ਤੇ ਹੀ ਟਿਕੀ ਹੋਈ ਹੈ। ਇਹ ਨਹੀਂ ਕਿ ਅਸੀਂ ਜ਼ਿੰਦਗੀ ਵਿੱਚ ਤਰੱਕੀ ਨਹੀਂ ਕਰਨੀ, ਤਰੱਕੀ ਜ਼ਰੂਰ ਕਰਨੀ ਹੈ, ਮਿਹਨਤ ਅਤੇ ਉੱਦਮ ਨਾਲ ਕਾਮਯਾਬੀਆਂ ਦੇ ਦਰ ਖੜਕਾਉਣੇ ਹਨ ਪਰ ਜੀਵਨ ਨੂੰ ਸਾਦਾ ਰੱਖਣਾ ਹੈ। ਸਾਦਾ ਭੋਜਨ, ਪਾਣੀ ਸਾਨੂੰ ਤੰਦਰੁਸਤ ਰੱਖਦਾ ਹੈ। ਮੀਟ, ਸ਼ਰਾਬ ਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਸਾਡੀ ਸਿਹਤ ਨੂੰ ਬਿਮਾਰੀਆਂ ਵੱਲ ਲੈ ਜਾਂਦਾ ਹੈ। ਅਜਿਹਾ ਨਾ ਹੋਵੇ ਕਿ ਚਕਾਚੌਂਧ ਵਾਲੇ ਜੀਵਨ ਦੀ ਭਾਲ ਵਿੱਚ ਅਸੀਂ ਆਪਣੇ ਜੀਵਨ ਨੂੰ ਵਿਅਰਥ ਗਵਾ ਲਈਏ। ਇਸ ਧਰਤੀ 'ਤੇ ਆਪਣੀ ਜ਼ਿੰਦਗੀ ਦੀ ਮਿਆਦ ਚਕਾਚੌਂਧ ਵਾਲੇ ਜੀਵਨ ਦੀ ਤਲਾਸ਼ ਵਿੱਚ ਹੀ ਨਹੀਂ ਮੁਕਾਅ ਦੇਣੀ ਸਗੋਂ ਸਾਦਗੀ ਭਰਿਆ ਜੀਵਨ ਬਤੀਤ ਕਰਕੇ ਸਮਾਜ ਲਈ ਕੁਝ ਚੰਗੇ ਕੰਮ ਕਰਨੇ ਹਨ। ਅਸੀਂ ਚਕਾਚੌਂਧ ਵਾਲੇ ਜੀਵਨ ਕਰਕੇ ਹੀ ਕਿਸੇ ਵੀ ਵਿਅਕਤੀ ਨੂੰ ਕਿਸੇ ਵਿਸ਼ੇ ਦਾ ਮਾਹਰ ਨਹੀਂ ਮੰਨ ਸਕਦੇ। ਮਾਹਰ ਉਸ ਨੂੰ ਮੰਨਦੇ ਹਾਂ, ਜੇਕਰ ਉਸ ਨੇ ਭਰੋਸੇਯੋਗ ਕੰਮ ਕੀਤੇ ਹਨ।

ਅਕਸਰ ਇਹ ਦੇਖਣ ਵਿੱਚ ਆਉਂਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਸਾਦਗੀ ਭਰਿਆ ਜੀਵਨ ਬਤੀਤ ਕੀਤਾ ਉਨ੍ਹਾਂ ਨੇ ਵਧੇਰੇ ਪ੍ਰਸਿੱਧੀ ਹਾਸਲ ਕੀਤੀ। ਦੀਵਿਆਂ ਦੀਆਂ ਰੌਸ਼ਨੀਆਂ ਹੇਠ ਪੜ੍ਹ ਪੜ੍ਹ ਕੇ ਆਉਣ ਵਾਲਿਆਂ ਨੇ ਮਨੁੱਖ ਜਾਤੀ ਦੇ ਰਾਹ ਨੂੰ ਰੌਸ਼ਨੀਆਂ ਨਾਲ ਭਰ ਦਿੱਤਾ। ਕਈ ਵਾਰ ਦਿਖਾਵੇ ਦੀ ਹੋੜ ਵਿੱਚ ਅਸੀਂ ਬੱਚਿਆਂ ਨੂੰ ਚਕਾਚੌਂਧ ਵਾਲਾ ਜੀਵਨ ਦੇਣ ਦੇ ਚੱਕਰ ਵਿੱਚ ਆਪਣਾ ਸਭ ਕੁਝ ਹੀ ਨਸ਼ਟ ਕਰ ਲੈਂਦੇ ਹਾਂ। ਬੱਚਿਆਂ ਨੂੰ ਦਿੱਤਾ ਐਸ਼ੋ ਆਰਾਮ ਵਾਲਾ ਜੀਵਨ ਉਨ੍ਹਾਂ ਨੂੰ ਗਲਤ ਰਸਤਿਆਂ 'ਤੇ ਲੈ ਜਾਂਦਾ ਹੈ। ਜਦ ਤੱਕ ਸਾਨੂੰ ਇਸ ਗੱਲ ਦੀ ਸਮਝ ਆਉਂਦੀ ਹੈ ਕਿ ਫੋਕੇ ਦਿਖਾਵੇ ਪਿੱਛੇ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਵੀ ਨਾਸ਼ ਕਰ ਚੁੱਕੇ ਹੁੰਦੇ ਹਾਂ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ।

ਅਸੀਂ ਮੌਸਮ ਅਤੇ ਵਾਤਾਵਰਨ ਦੀ ਗੱਲ ਕਰਦੇ ਹਾਂ, ਓਜ਼ੋਨ ਪਰਤ ਦੀ ਚਿੰਤਾ ਕਰਦੇ ਹਾਂ, ਪਾਣੀ ਦੀਆਂ ਸਮੱਸਿਆਵਾਂ ਤੇ ਵਿਚਾਰ ਵਟਾਂਦਰੇ ਕਰਦੇ ਹਾਂ। ਇਹ ਚਿੰਤਾਵਾਂ ਅਸੀਂ ਆਪਣੇ ਹੱਥੀਂ ਸਹੇੜੀਆਂ ਹਨ। ਬਹੁਤਾ ਪਾਉਣ ਦੀ ਲਾਲਸਾ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਲਈ ਖ਼ਤਰੇ ਸਹੇੜ ਦਿੱਤੇ ਹਨ। ਮਨੁੱਖ ਦੀ ਦੂਜੇ ਗ੍ਰਹਿਆਂ 'ਤੇ ਜੀਵਨ ਲੱਭਣ ਦੀ ਖੋਜ ਬੜੀ ਉਤਸ਼ਾਹਜਨਕ ਹੈ। ਨਵੀਆਂ ਤਕਨੀਕਾਂ ਸਮੇਂ ਦੀ ਲੋੜ ਹਨ। ਇਹੋ ਜਿਹੇ ਮਹਾਨ ਕਾਰਨਾਮੇ ਕਰਨ ਵਾਲੇ ਵਿਅਕਤੀ ਚਕਾਚੌਂਧ ਵਾਲੇ ਜੀਵਨ ਵਿੱਚ ਆਪਣੀ ਊਰਜਾ ਨਹੀਂ ਗਵਾਉਂਦੇ, ਸਾਦਗੀ ਭਰੇ ਜੀਵਨ ਅਤੇ ਉੱਚੀ ਸੁੱਚੀ ਸੋਚ ਵਿੱਚ ਵਿਸ਼ਵਾਸ ਰੱਖਦੇ ਹਨ। ਸਾਦਗੀ ਨਾਲ ਜੀਵਨ ਤਸੱਲੀਬਖ਼ਸ਼ ਅਤੇ ਸਾਰਥਿਕ ਬਣਾਉਂਦੇ ਹਨ। ਅਸੀਂ ਅਕਸਰ ਦੇਖਦੇ ਹਾਂ ਜਦੋਂ ਕਦੇ ਪੂਰੀ ਦੁਨੀਆ ਨੂੰ, ਕਿਸੇ ਦੇਸ਼ ਨੂੰ, ਕਿਸੇ ਸੂਬੇ ਨੂੰ, ਕਿਸੇ ਪਿੰਡ ਜਾਂ ਪਰਿਵਾਰ ਨੂੰ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਵਿੱਚ ਜਿਨ੍ਹਾਂ ਲੋਕਾਂ ਨੇ ਸਾਦਗੀ ਵਾਲਾ ਜੀਵਨ ਅਖ਼ਤਿਆਰ ਕੀਤਾ ਹੁੰਦਾ ਹੈ, ਉਹ ਮੁਸ਼ਕਲ ਹਾਲਤਾਂ ਵਿੱਚ ਵੀ ਥੋੜ੍ਹੇ ਵਿੱਚ ਸੌਖ ਨਾਲ ਗੁਜ਼ਾਰਾ ਕਰ ਲੈਂਦੇ ਹਨ। ਜ਼ਿੰਦਗੀ ਦੀ ਪਗਡੰਡੀ 'ਤੇ ਵਿਚਰਦਿਆਂ ਜਦੋਂ ਵੀ ਕੋਈ ਸਾਦਗੀ ਨਾਲ ਭਰਿਆ ਵਿਅਕਤੀ ਮਿਲਦਾ ਹੈ ਉਸ ਦੀ ਵਿਲੱਖਣ ਸ਼ਖ਼ਸੀਅਤ ਪਲਾਂ ਵਿੱਚ ਹੀ ਸਾਡੇ ਮਨ ਨੂੰ ਜਿੱਤ ਲੈਂਦੀ ਹੈ। ਇਸ ਲਈ ਸਾਦਗੀ ਭਰਪੂਰ ਜੀਵਨ ਨੂੰ ਤਰਜੀਹ ਦੇਣੀ ਚਾਹੀਦੀ ਹੈ।

—ਕਮਲਜੀਤ ਕੌਰ ਗੁੰਮਟੀ



# ਐਕਸ਼ਨ ਤੇ ਮਨੋਰੰਜਨ ਦੀ ਸੁਮੇਲ 'ਬਲੈਕੀਆ-2'

ਕਾਮੇਡੀ ਤੇ ਵਿਆਹਾਂ ਵਾਲੀਆਂ ਫਿਲਮਾਂ ਦੇ ਦੌਰ ਵਿੱਚ ਐਕਸ਼ਨ ਸਿਨੇਮਾ ਦੀ ਪਿਰਤ ਪਾਉਣ ਵਾਲਾ ਦੇਵ ਖਰੌੜ ਅੱਜ ਨੌਜਵਾਨ ਵਰਗ ਦਾ ਚਹੇਤਾ ਨਾਇਕ ਹੈ। 'ਰੁਪਿੰਦਰ ਗਾਂਧੀ', 'ਡਾਕੂਆਂ ਦਾ ਮੁੰਡਾ', 'ਡੀ.ਐੱਸ.ਪੀ. ਦੇਵ' ਤੇ 'ਬਲੈਕੀਆ'




ਫਿਲਮਾਂ ਦੀ ਸਫਲਤਾ ਨੇ ਉਸ ਨੂੰ ਸ਼ੁਹਰਤ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ। ਬੀਤੇ ਦਿਨੀਂ ਰਿਲੀਜ਼ ਹੋਈ ਦੇਵ ਖਰੌੜ ਦੀ ਫਿਲਮ 'ਬਲੈਕੀਆ-2' ਪੰਜ ਸਾਲ ਪਹਿਲਾਂ ਆਈ ਫਿਲਮ 'ਬਲੈਕੀਆ' ਦੀ ਕਹਾਣੀ ਦੀ ਅਗਲੀ ਕੜੀ ਜੋੜਦੀ ਗ਼ਰੀਬੀ ਦੀ ਦਲਦਲ 'ਚੋਂ ਵੱਡੇ ਸੁਫ਼ਨੇ ਲੈ ਕੇ ਜਵਾਨ ਹੋਏ ਇੱਕ ਸੰਘਰਸ਼ੀ ਬੰਦੇ ਦੀ ਕਹਾਣੀ ਹੈ ਜੋ ਐਨਾ ਪੈਸਾ ਕਮਾਉਣਾ ਚਾਹੁੰਦਾ ਹੈ ਕਿ ਪਿੰਡ 'ਚ ਕੋਈ ਗ਼ਰੀਬ ਨਾ ਰਹੇ। ਇਹ ਕਹਾਣੀ 1947 ਦੀ ਵੰਡ ਸਮੇਂ ਲਹਿੰਦੇ ਪੰਜਾਬ ਤੋਂ ਉੱਜੜ ਕੇ ਆਏ ਲੋਕਾਂ ਦੇ ਆਰਥਿਕ ਹਾਲਾਤ ਬਿਆਨਦੀ ਹੈ। ਵੰਡ ਤੋਂ ਪਹਿਲਾਂ ਮੁਰੱਬਿਆਂ ਦੇ ਮਾਲਕ ਅਖਵਾਉਣ ਵਾਲੇ ਇਨ੍ਹਾਂ ਲੋਕਾਂ ਦੀ ਜਦ ਸਮੇਂ ਦੇ ਹਾਕਮਾਂ ਨੇ ਕੋਈ ਪੁੱਛ-ਗਿੱਛ ਨਾ ਕੀਤੀ ਤਾਂ ਦੋ ਵਕਤ ਦੇ ਗੁਜ਼ਾਰੇ ਲਈ ਭੁੱਖਮਰੀ ਦੇ ਸ਼ਿਕਾਰ ਇਹ ਲੋਕ ਹੌਲੀ-ਹੌਲੀ ਜ਼ਿੰਦਗੀ ਜਿਊਣ ਦੀ ਉਮੀਦ ਛੱਡਣ ਲੱਗੇ। ਅਜਿਹੇ ਹਾਲਾਤ ਵਿੱਚ ਗ਼ਰੀਬ ਘਰ ਦਾ ਇੱਕ ਮੁੰਡਾ ਗਾਮਾ ਵੱਡੇ ਸੁਫ਼ਨੇ ਲੈ ਕੇ ਸਮਗਲਿੰਗ ਦੇ ਗ਼ੈਰਕਾਨੂੰਨੀ ਧੰਦੇ ਕਰਨ ਵਾਲੇ ਲੋਕਾਂ ਦੇ ਗਰੋਹ ਦਾ ਹਿੱਸਾ ਬਣਦਾ ਹੈ। ਹੌਲੀ-ਹੌਲੀ ਸਮਗਲਰ ਗਾਮਾ ਬਲੈਕੀਆ ਬਣ ਕੇ ਆਪਣਾ ਦਬਦਬਾ ਕਾਇਮ ਕਰਦਾ ਹੈ। ਗਾਮਾ ਬੈਲਕੀਆ ਜਿੱਥੇ ਗ਼ਰੀਬਾਂ ਤੇ ਬੇਸਹਾਰਿਆਂ ਦਾ ਮਸੀਹਾ ਹੈ ਉੱਥੇ ਆਪਣੇ ਵਿਰੋਧੀਆਂ ਦਾ ਦੁਸ਼ਮਣ ਹੈ।

ਨਵੀਂ ਤਕਨੀਕ ਦੇ ਜ਼ਬਰਦਸਤ ਐਕਸ਼ਨ ਤੇ ਮਨੋਰੰਜਨ ਦੀ ਸੁਮੇਲ ਇਸ ਫਿਲਮ ਦੀ ਕਹਾਣੀ ਵਿੱਚ ਦੇਵ ਖਰੌੜ ਦੀ ਅਦਾਕਾਰੀ ਦੇ ਕਈ ਰੰਗ ਵੇਖਣ ਨੂੰ ਮਿਲਦੇ ਹਨ। ਪਰਮਵੀਰ ਸਿੰਘ ਦੀ ਅਦਾਕਾਰੀ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਫਿਲਮ ਦੀ ਕਹਾਣੀ ਖ਼ੁਦ ਦੇਵ ਖਰੌੜ ਨੇ ਲਿਖੀ ਹੈ। ਡਾਇਲਾਗ ਤੇ ਸਕਰੀਨਪਲੇਅ ਇੰਦਰਪਾਲ ਨੇ ਲਿਖੇ ਹਨ। ਨਵਨੀਅਤ ਸਿੰਘ ਦਾ ਨਿਰਦੇਸ਼ਨ ਫਿਲਮ ਨੂੰ ਨਿਖਾਰਦਾ ਹੈ। ਓਹਰੀ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਨਿਰਮਾਤਾ ਵਿਵੇਕ ਓਹਰੀ, ਮੋਨਾ ਓਹਰੀ ਤੇ ਸੰਦੀਪ ਬਾਂਸਲ ਦੀ ਇਸ ਫਿਲਮ ਦੇ ਸਹਿ ਨਿਰਮਾਤਾ ਪ੍ਰਨਵ ਕਪੂਰ ਤੇ ਸੰਚਿਤ ਓਹਰੀ ਹਨ। ਫਿਲਮ ਵਿੱਚ ਦੇਵ ਖਰੌੜ, ਜਪੁਜੀ ਖਹਿਰਾ, ਆਰੁਸ਼ੀ ਸ਼ਰਮਾ, ਰਾਜ ਸਿੰਘ ਝਿੰਜਰ, ਸੁੱਖੀ ਚਾਹਲ, ਸੈਮੂਅਲ ਜੌਹਨ, ਯਾਦ ਗਰੇਵਾਲ, ਪਰਮਵੀਰ ਸਿੰਘ, ਲੱਕੀ ਧਾਲੀਵਾਲ, ਸ਼ਵਿੰਦਰ ਮਾਹਲ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ।

## ਫਿਲਮ 'ਫਤਹਿ' ਦਾ ਪੋਸਟਰ ਜਾਰੀ




ਮੁੰਬਈ-ਅਦਾਕਾਰ ਸੋਨੂ ਸੂਦ ਆਪਣੀ ਫਿਲਮ 'ਫਤਹਿ' ਲਈ ਪੂਰੀ ਤਰ੍ਹਾਂ ਤਿਆਰ ਹੈ ਜਿਸ 'ਚ ਮੁੱਖ ਅਦਾਕਾਰਾ ਜੈਕੁਲਿਨ ਫਰਨਾਂਡੇਜ਼ ਹੈ। ਸੋਨੂ ਸੂਦ ਨੇ ਸੋਸ਼ਲ ਮੀਡੀਆ 'ਤੇ ਫਿਲਮ 'ਫਤਹਿ' ਦਾ ਪੋਸਟਰ ਸਾਂਝਾ ਕੀਤਾ ਹੈ ਜਿਸ ਵਿਚ ਉਸ ਨੇ ਇਕ ਹੱਥ ਵਿਚ ਕਲਮ ਫੜੀ ਹੋਈ ਹੈ ਤੇ ਉਸ ਦੇ ਜ਼ਖ਼ਮਾਂ ਤੋਂ ਖ਼ੂਨ ਟਪਕਦਾ ਦਿਖਾਈ ਦੇ ਰਿਹਾ ਹੈ। ਇਸ ਦੀ ਕੈਪਸ਼ਨ ਵਿਚ ਲਿਖਿਆ, 'ਕਦੇ ਵੀ ਕਿਸੇ ਨੂੰ ਘੱਟ ਨਾ ਸਮਝੋ! #ਫਤਹਿ ਨਾਲ ਤਾਕਤ ਭਰਪੂਰ ਐਕਸ਼ਨ ਲਈ ਤਿਆਰ ਹੋ ਜਾਓ।' ਉਸ ਨੇ ਦੱਸਿਆ ਕਿ 'ਫਤਹਿ' ਦਾ ਟੀਜ਼ਰ ਸ਼ਨਿਚਰਵਾਰ ਨੂੰ ਰਿਲੀਜ਼ ਕੀਤਾ ਜਾਵੇਗਾ।

BRITISH COLUMBIA | StrongerBC

"ਰਿਹਾਇਸ਼ਾਂ (ਹਾਊਸਿੰਗ) ਅਤੇ ਰਹਿਣ-ਸਹਿਣ ਦੇ ਖ਼ਰਚਿਆਂ ਵਿੱਚ ਮਦਦ ਕਰਨ ਲਈ ਕੀ ਕੀਤਾ ਜਾ ਰਿਹਾ ਹੈ?"


ਬੀ ਸੀ ਸਰਕਾਰ ਕਿਫਾਇਤੀ ਰਿਹਾਇਸ਼ਾਂ ਦੀ ਸਪਲਾਈ ਵਧਾਉਣ ਅਤੇ ਰਹਿਣ-ਸਹਿਣ ਦੇ ਵੱਧ ਰਹੇ ਖ਼ਰਚਿਆਂ ਵਿੱਚ ਮਦਦ ਕਰਨ ਲਈ ਕਾਰਵਾਈ ਕਰ ਰਹੀ ਹੈ।

- ਸ਼ੌਰਟ-ਟਰਮ ਰੈਂਟਲ (ਥੋੜ੍ਹੇ ਸਮੇਂ ਲਈ ਕਿਰਾਏ 'ਤੇ ਦਿੱਤੇ ਜਾਂਦੇ ਘਰ) ਅਤੇ ਸੱਟੇਬਾਜ਼ਾਂ ਨੂੰ ਠੱਲ ਪਾ ਕੇ
- ਮੱਧ ਆਮਦਨ ਵਾਲੇ ਲੋਕਾਂ ਲਈ ਵਧੇਰੇ ਘਰਾਂ ਦਾ ਨਿਰਮਾਣ ਕਰਕੇ
- ਕਿਰਾਏ ਵਿੱਚ ਵਾਧੇ ਦੀ ਸੀਮਾ ਨੂੰ ਮਹਿੰਗਾਈ ਦੀ ਦਰ ਤੋਂ ਘੱਟ ਰੱਖਕੇ
- ਬੀ ਸੀ ਫੈਮਿਲੀ ਬੈਨੀਫਿਟ ਵਿੱਚ ਵਾਧਾ ਕਰਕੇ
- ਯੋਗ ਕਿਰਾਏਦਾਰਾਂ ਲਈ $400 ਤੱਕ ਦਾ ਟੈਕਸ ਕ੍ਰੈਡਿਟ ਦੇਕੇ
- ਬਾਲ ਸੰਭਾਲ ਦੇ ਖ਼ਰਚੇ ਘਟਾ ਕੇ



StrongerBC.ca 'ਤੇ ਜਾਣੋ ਕਿ ਬੀ ਸੀ ਉਹਨਾਂ ਮੁੱਦਿਆਂ 'ਤੇ ਕਿਵੇਂ ਕਾਰਵਾਈ ਕਰ ਰਿਹਾ ਹੈ, ਜੋ ਮਾਅਨੇ ਰੱਖਦੇ ਹਨ

# ਫ਼ਿਲਮ 'ਬੜੇ ਮੀਆਂ ਛੋਟੇ ਮੀਆਂ' ਦੇ ਗੀਤ ਜੌਰਡਨ ਵਿਚ ਫ਼ਿਲਮਾਏ



ਮੁੰਬਈ-ਇਨ੍ਹੀਂ ਦਿਨੀਂ ਅਦਾਕਾਰ ਅਤੇ ਨਿਰਮਾਤਾ ਜੈਕੀ ਭਗਨਾਨੀ ਆਪਣੀ ਆਉਣ ਵਾਲੀ ਫ਼ਿਲਮ 'ਬੜੇ ਮੀਆਂ ਛੋਟੇ ਮੀਆਂ' ਦੇ ਰਿਲੀਜ਼ ਹੋਣ ਦਾ ਇੰਤਜ਼ਾਰ ਕਰ ਰਿਹਾ ਹੈ। ਫ਼ਿਲਮ ਦੇ ਗੀਤਾਂ ਦੀ ਸ਼ੂਟਿੰਗ ਜੌਰਡਨ ਵਿੱਚ ਕੀਤੀ ਗਈ ਹੈ। ਜੈਕੀ ਨੇ ਗੀਤਾਂ ਦੀ ਸ਼ੂਟਿੰਗ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਸ਼ੂਟਿੰਗ ਲਈ 150 ਤੋਂ 200 ਲੋਕਾਂ ਦੇ ਇੱਕ ਵਫ਼ਦ ਨੇ ਮੁੰਬਈ ਤੋਂ ਜੌਰਡਨ ਤੱਕ ਦਾ ਸਫ਼ਰ ਕੀਤਾ। ਉਨ੍ਹਾਂ ਨੇ ਉਥੇ 12 ਦਿਨਾਂ ਵਿੱਚ ਚਾਰ ਗੀਤ ਸ਼ੂਟ ਕੀਤੇ। ਮੱਧ ਪੂਰਬ ਦੇ ਮੁਲਕਾਂ ਵਿੱਚ ਸ਼ੂਟਿੰਗ ਦਾ ਪ੍ਰੋਗਰਾਮ ਤੈਅ ਸਮੇਂ ਵਿੱਚ ਮੁਕੰਮਲ ਕਰਨਾ ਸੀ। ਉਹ ਇੱਕ ਅਜਿਹੇ ਦੇਸ਼ ਦੀ ਭਾਲ 'ਚ ਸਨ ਜਿੱਥੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸੀਨ ਸ਼ੂਟ ਕਰਨ ਦਾ ਮੌਕਾ ਮਿਲ ਸਕੇ ਤੇ ਇਹ ਸਭ ਕੁਝ ਜੌਰਡਨ ਵਿੱਚ ਸੀ। ਇਸ ਲਈ ਗੀਤਾਂ ਦੀ ਸ਼ੂਟਿੰਗ ਲਈ ਉਨ੍ਹਾਂ ਜੌਰਡਨ ਚੁਣਿਆ, ਕਿਉਂਕਿ ਉਥੇ ਵਿੱਚ ਰੇਗਿਸਤਾਨ, ਸਮੁੰਦਰ ਅਤੇ ਸ਼ਹਿਰੀ ਮਾਹੌਲ ਸਭ ਕੁੱਝ ਸੀ। ਫ਼ਿਲਮ ਵਿੱਚ ਅਕਸ਼ੈ ਕੁਮਾਰ, ਟਾਈਗਰ ਸ਼ਰੌਫ਼, ਪ੍ਰਿਥਵੀਰਾਜ ਸੁਕੁਮਾਰਨ, ਸੋਨਾਕਸ਼ੀ ਸਿਨਹਾ, ਅਲਾਇਆ ਐੱਫ ਅਤੇ ਮਾਨੁਸ਼ੀ ਛਿੱਲਰ ਅਹਿਮ ਭੂਮਿਕਾ ਨਿਭਾ ਰਹੇ ਹਨ। ਫ਼ਿਲਮ ਦੀ ਸ਼ੂਟਿੰਗ ਭਾਰਤ, ਯੂਕੇ, ਸਕਾਟਲੈਂਡ, ਆਬੂਧਾਬੀ ਅਤੇ ਜੌਰਡਨ ਵਿੱਚ ਕੀਤੀ ਗਈ ਹੈ। ਵਾਸ਼ੂ ਭਗਨਾਨੀ, ਦੀਪਸ਼ਿਖਾ ਦੇਸ਼ਮੁੱਖ, ਜੈਕੀ ਭਗਨਾਨੀ, ਹਿਮਾਂਸ਼ੂ ਕਿਸ਼ਨ ਮਹਿਰਾ ਅਤੇ ਅਲੀ ਅਬਾਸ ਜ਼ਾਫ਼ਰ ਵੱਲੋਂ ਬਣਾਈ ਇਹ ਫ਼ਿਲਮ ਇਸੇ ਵਰ੍ਹੇ ਈਦ ਮੌਕੇ ਰਿਲੀਜ਼ ਹੋਵੇਗੀ।

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS FREE LEGAL FEE & APPRAISAL
Our Symbol of Care & Service
Superior Mortgage
Unit 244-8138-128 Street, Surrey
604 507 1000





## ਮਧੂਬਾਲਾ ਦੀ ਦਿਖ ਨੂੰ ਪਰਦੇ 'ਤੇ ਮੁੜ ਜ਼ਿੰਦਾ ਕਰਨਾ ਚਾਹੁੰਦੀ ਹੈ

# ਸ਼ਹਿਨਾਜ਼ ਗਿੱਲ

ਮੁੰਬਈ-ਬੌਲੀਵੁੱਡ ਅਦਾਕਾਰਾ ਸ਼ਹਿਨਾਜ਼ ਗਿੱਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਉੱਘੀ ਅਦਾਕਾਰਾ ਮਧੂਬਾਲਾ ਦੀ ਦਿੱਖ ਨੂੰ ਪਰਦੇ 'ਤੇ ਦੁਬਾਰਾ ਜਿਊਂਦਾ ਕਰਨਾ ਚਾਹੁੰਦੀ ਹੈ। ਉਸ ਨੇ ਕਿਹਾ, 'ਮੈਨੂੰ ਪੁਰਾਣੇ ਸਮੇਂ ਦੀਆਂ ਅਦਾਕਾਰਾਵਾਂ ਪਸੰਦ ਹਨ ਕਿਉਂਕਿ ਉਨ੍ਹਾਂ ਦਾ ਸੁਹੱਪਣ ਕੁਦਰਤੀ ਸੀ। ਇਸ ਕਰ ਕੇ ਮਧੂਬਾਲਾ ਨੂੰ ਮੁੜ ਪਰਦੇ 'ਤੇ ਲੈ ਕੇ ਆਉਣਾ ਬਹੁਤ ਵਧੀਆ ਹੋਵੇਗਾ।' ਦੂਜੇ ਪਾਸੇ ਅਸਲ ਜ਼ਿੰਦਗੀ ਵਿਚ ਫੈਸ਼ਨ ਦੇ ਮਾਮਲੇ ਵਿੱਚ ਸ਼ਹਿਨਾਜ਼ ਬਹੁਤ ਸਾਧਾਰਨ ਹੈ। ਉਸ ਨੇ ਕਿਹਾ, 'ਮੈਂ ਘਰ ਵਿੱਚ ਆਮ ਲੜਕੀਆਂ ਵਰਗੀ ਹੀ ਹਾਂ। ਤੁਸੀਂ ਆਮ ਤੌਰ 'ਤੇ ਮੈਨੂੰ ਸ਼ਾਰਟਸ ਅਤੇ ਮੇਰੇ ਭਰਾਵਾਂ ਦੀਆਂ ਟੀ-ਸ਼ਰਟਾਂ ਵਿੱਚ ਦੇਖੋਗੇ।' ਜਦੋਂ ਉਸ ਤੋਂ ਪੁੱਛਿਆ ਗਿਆ ਕਿ ਅਸਲ ਜ਼ਿੰਦਗੀ ਵਿੱਚ ਉਹ ਕੀ ਪਹਿਰਾਵਾ ਪਾਉਂਦੀ ਹੈ। ਉਸ ਨੇ ਕਿਹਾ, 'ਉਸ ਨੂੰ ਤਜਰਬੇ ਕਰਨ ਤੋਂ ਕੋਈ ਨਹੀਂ ਰੋਕਦਾ, ਮੈਂ ਇਹ ਕਿਵੇਂ ਬਿਆਨ ਕਰ ਸਕਦੀ ਹਾਂ। ਹਰ ਦਿਨ ਇੱਕ ਨਵਾਂ ਤਜਰਬਾ ਹੁੰਦਾ ਹੈ।



# ਕਰਨ ਬਿਨਾਂ ਜ਼ਿੰਦਗੀ ਦੇ ਇਸ ਮੁਕਾਮ 'ਤੇ ਪਹੁੰਚਣਾ ਸੰਭਵ ਨਹੀਂ ਸੀ-ਵਰੁਣ

ਮੁੰਬਈ-ਬੌਲੀਵੁੱਡ ਸਟਾਰ ਵਰੁਣ ਧਵਨ ਨੂੰ ਹਿੰਦੀ ਸਿਨੇਮਾ ਵਿੱਚ ਇੱਕ ਦਹਾਕੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਉਹ ਆਪਣੇ ਗੁਰੂ ਕਰਨ ਜੌਹਰ ਨੂੰ ਕਦੇ ਨਹੀਂ ਭੁੱਲਿਆ। ਜ਼ਿਕਰਯੋਗ ਹੈ ਕਿ ਕਰਨ ਜੌਹਰ ਨੇ 2012 ਵਿੱਚ ਫ਼ਿਲਮ 'ਸਟੂਡੈਂਟ ਆਫ ਦਾ ਈਅਰ' ਵਿੱਚ ਆਲੀਆ ਭੱਟ ਅਤੇ ਸਿਧਾਰਥ ਮਲਹੋਤਰਾ ਨਾਲ ਵਰੁਣ ਨੂੰ ਲਾਂਚ ਕੀਤਾ ਸੀ। ਵਰੁਣ ਪ੍ਰਾਈਮ ਵੀਡੀਓਜ਼ ਦੇ ਪ੍ਰੋਗਰਾਮ 'ਪ੍ਰਾਈਮ ਵੀਡੀਓ ਪ੍ਰਜ਼ੈਂਟਸ ' ਵਿੱਚ ਸ਼ਾਮਲ ਹੋਇਆ। ਉਹ ਸਾਮੰਥਾ ਰੂਥ ਪ੍ਰਭੂ ਨਾਲ ਗਲੋਬਲ ਸਟਰੀਮਿੰਗ ਸੀਰੀਜ਼ 'ਸੀਟਾਡੇਲ' ਵਿੱਚ ਦਿਖਾਈ ਦੇਵੇਗਾ। ਸੀਰੀਜ਼ 'ਸਿਟਾਡੇਲ: ਹਨੀ ਬਨੀ' ਨਿਰਦੇਸ਼ਕ ਜੋੜੀ ਰਾਜ ਅਤੇ ਡੀਕੇ ਵੱਲੋਂ ਬਣਾਈ ਗਈ ਹੈ। ਆਪਣੇ ਸਹਿ-ਕਲਾਕਾਰ ਸਾਮੰਥਾ, ਰਾਜ ਅਤੇ ਡੀਕੇ ਤੇ ਕਰਨ ਨਾਲ ਮੰਚ ਸਾਂਝਾ ਕਰਦਿਆਂ ਵਰੁਣ ਨੇ ਮੀਡੀਆ ਨੂੰ ਦੱਸਿਆ ਕਿ ਜਦੋਂ ਉਸ ਨੇ 'ਦਿ ਫੈਮਿਲੀ ਮੈਨ' ਦੇਖੀ ਤਾਂ ਉਸ ਨੇ ਰਾਜ ਅਤੇ ਡੀਕੇ ਨੂੰ ਫੋਨ ਕੀਤਾ। ਫ਼ਿਲਮ ਦੇਖ ਕੇ ਉਹ ਹੈਰਾਨ ਰਹਿ ਗਿਆ।' ਉਸ ਨੇ ਦੱਸਿਆ ਕਿ ਅੱਜ ਉਹ ਜਿਸ ਮੁਕਾਮ 'ਤੇ ਹੈ ਉਹ ਕਰਨ ਜੌਹਰ ਬਿਨਾਂ ਸੰਭਵ ਨਹੀਂ ਸੀ। ਵਰੁਣ ਨੇ ਇਸ ਮੌਕੇ ਮਜ਼ਾਹੀਆ ਲਹਿਜ਼ੇ ਵਿੱਚ ਕਰਨ ਜੌਹਰ ਦੇ ਨਿਰਦੇਸ਼ਨ ਵਿੱਚ ਬਣੀ ਫ਼ਿਲਮ 'ਕਭੀ ਖ਼ੁਸ਼ੀ ਕਭੀ ਗ਼ਮ' ਦਾ ਗੀਤ ਵੀ ਗਾਇਆ। ਕਰਨ ਨੇ ਵੀ ਇਸ ਦਾ ਮਜ਼ਾਹੀਆ ਲਹਿਜ਼ੇ ਵਿੱਚ ਜਵਾਬ ਦਿੱਤਾ।

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

Explore Your Options

ਪੰਜਾਬੀ
हिंदी

Number 1 in the Community for 25 years.

# Stop Paying Too Much!

Get **10 Quotes** instead of 1

Compare from the top Canadian Insurers



intact INSURANCE · Wawanesa Insurance · family INSURANCE · GORE MUTUAL › GO FORWARD · TRAVELERS · PEACE HILLS INSURANCE · MAX INSURANCE · AVIVA · MUTUAL FIRE INSURANCE · OPTIMUM.

HOME | AUTO \| ICBC | CONDO | BUSINESS | TRUCKING | TENANTS | TRAVEL MEDICAL | MOTORBIKE | BOAT

CALL NOW

## 604 502 0441

**ICBC** ONLINE AND DELIVERY AVAILABLE.

**$50 VISA Gift Card for all quotes.**

($25 for Condo) No Obligations to purchase, let's try to save you money.
*Limited time offer.*

**SURREY**
**(604) 502 0441**
FAX (604) 502 0417
5-8430 128TH ST.
SURREY, BC
V3W 4G3

**NORTH VANCOUVER**
**(604) 635 2048**
FAX (604) 635 2049
110-845 MARINE DR.
NORTH VANCOUVER, BC
V7P 0A8

**VANCOUVER**
**(604) 325 1241**
FAX (604) 325 1414
4038 KNIGHT ST.
VANCOUVER, BC
V5N 5Y7

**OAKWEST**
**(604) 266 5533**
FAX (604) 266 2379
6260 EAST BLVD.
VANCOUVER, BC
V6M 3VJ

**OPEN 7 DAYS**

ICBC Autoplan

www.goldkeyinsurance.ca

GK


HAPPY Holi
Rajan MANGOES
NOW AVAILABLE
Rajan Mango ਰਾਜਨ
fruiticana hee jaana!
LOWEST PRICES IN TOWN
UNBEATABLE EXTRA SUPER SPECIAL
Rajan Mangoes here now!
ਰਾਜਨ ਅੰਬ
EXTRA SUPER SUPER SPECIAL
Roma Tomatoes
ਰੋਮਾ ਟਮਾਟਰ
99¢ lb
Roasted Peanuts in Shell
ਭੁੱਜੀ ਮੂੰਗਫਲੀ
$1.88 lb
SUPER SPECIAL
Almonds #1 Large Size
ਵੱਡੇ ਬਦਾਮ
$3.98 lb
SUPER SPECIAL
Fresh Ginger
ਤਾਜ਼ਾ ਅਦਰਕ
$1.48 lb
SUPER SPECIAL
Spinach
ਪਾਲਕ
$1.29 bunch
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Yellow Onions 50 lbs
ਪੀਲੇ ਗੰਢੇ
YELLOW ONIONS
$23.98 bag
SUPER SPECIAL
Rapini (Sarson da Saag)
ਸਰਸੋਂ ਦਾ ਸਾਗ
$2.79 bunch
SUPER SPECIAL
Cilantro
ਧਣੀਆ
2 bunches for $1.49
SUPER SPECIAL
Long English Cucumber
ਲੰਬੇ ਇੰਗਲਿਸ਼ ਖੀਰੇ
98¢ ea.
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
( ਇੰਡੀਕੈਨ )
$3.98 bag
Fine Cane Sugar (Indican) 4 lbs
ਗੰਨੇ ਦੀ ਖੰਡ 4lbs
$4.49 bag
Jumbo Cauliflower Size 9
ਵੱਡਾ ਗੋਭੀ ਦਾ ਫੁੱਲ ਸਾਈਜ਼ 9
$3.98 ea.
Seviyan Egg-Free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99
Indian Eggplants
ਦੇਸੀ ਬਤਾਊਂ
$1.29 lb
Red Lentil Whole
ਮਸਰਾ ਦੀ ਸਾਬਤ ਦਾਲ
88¢ lb
Chickpeas
ਚਿੱਟੇ ਛੋਲੇ
98¢ lb
Long Eggplants
ਲੰਬੇ ਬਤਾਊਂ
$1.49 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
88¢ lb
Large Seedless Oranges
ਵੱਡੇ ਸੰਤਰੇ ( ਬਿਨਾ ਬੀਜ ਤੋਂ )
99¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Sher Besan 4 lbs
ਸ਼ੇਰ ਵੇਸਣ
SHER BESAN
$3.98 bag
Zucchini Squash
ਜ਼ੁਕੀਨੀ ਸਕੁਐਸ਼
78¢ lb
Daikon (Moli)
ਮੂਲੀ
99¢ lb
Russet Potatoes Snoboy 10 lbs
ਆਲੂ ਰਸਟ ਸਨੋਂਬੁਆਏ
$3.99 bag
Gala Apples US #1
ਗਾਲਾ ਸੇਬ ਯੂ.ਐਸ. #1
$1.39 lb
Walnuts in Shell
ਸਾਬਤ ਅਖਰੋਟ
$2.98 lb
Thur Mar 21, 2024 - Wed Mar 27, 2024
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS
9 AM - 8 PM
7 DAYS A WEEK
Newton ------ 13783 72nd Ave. Surrey ---- 604-590-2080
Newton ------ 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ------ 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ------ 236-317-6272
Surrey ------ 12990 72nd Ave. ------ 604-503-5510
Surrey ------ 12788 76A Ave. Surrey ----- 604-597-1676
Surrey ------ 16788 64 Ave. ------ 604-372-2023
Surrey ------ 101-7228 192St. ------ 604-575-3750
New Westminster 101-331 6th St. ------ 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ------ 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ------ 604-321-9931
Richmond-------- 4101 No.5 Rd. ------ 604-244-9520